੧ੴ ਸਤਿਗੁਰ ਪ੍ਰਸਾਦਿ ॥

# ਸੱਚਖੰਡ ਪੱਤਰ

ਮਈ ੨੦੧੦ May 2010




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਨਾਂਦੇੜ ਦੀ ਪਾਵਨ ਧਰਤੀ ਤੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਪੰਥ ਦੋਖੀਆਂ ਨੂੰ ਜੜੋਂ ਉਖਾੜਣ ਤੇ ਜ਼ਾਲਮਾਂ ਨੂੰ ਸੋਧੇ ਲਾਉਣ ਲਈ ਪੰਜਾਬ ਰਵਾਨਾ ਕਰਨ ਸਮੇਂ ਤੀਰ, ਨਗਾਰਾ ਅਤੇ ਨਿਸ਼ਾਨ ਸਾਹਿਬ ਦੀ ਬਖ਼ਸ਼ਿਸ਼ ਕਰਦੇ ਹੋਏ ।

**SACHKHAND PATRA** **सचखंड पत्र** ਭੇਟਾ 17/-

Sri Satguru Jagjit Singh Ji eLibrary NamdhariElibrary@gmail.com

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ

## ਪਵਿੱਤਰ ਮਰਿਯਾਦਾ (ਪੂਜਾ ਪਾਠ)

| | |
|---|---|
| ❋ ਤਖ਼ਤ ਇਸ਼ਨਾਨ ਲਈ ਗੋਦਾਵਰੀ ਨਦੀ ਤੋਂ ਜਲ ਦੀ ਗਾਗਰ ਗਾਗਰੀਆ ਸਿੰਘ ਜੀ ਲੈਕੇ ਹਾਜ਼ਰ ਹੁੰਦੇ ਹਨ | ੧.੫੫ ਅੰਮ੍ਰਿਤ ਵੇਲ |
| ❋ ਪਾਠ ਆਰੰਭ ਸੁਖਮਨੀ ਸਾਹਿਬ ਜੀ | ੨.੦੦ ਅੰਮ੍ਰਿਤ ਵੇਲ |
| ❋ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ | ੩.੦੦ ਸਵੇ |
| ❋ ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੩.੨੦ ਸਵੇ |
| ❋ ਕੀਰਤਨ ਆਰੰਭ ਸ੍ਰੀ ਆਸਾ ਜੀ ਦੀ ਵਾਰ | ੩.੩੦ ਸਵੇ |
| ❋ ਕੀਰਤਨ ਸਮਾਪਤੀ ਸ੍ਰੀ ਆਸਾ ਜੀ ਦੀ ਵਾਰ | ੬.੦੦ ਸਵੇ |
| ❋ ਭੋਗ ਦੇਗ (ਕੜ੍ਹਾਹ) ਪ੍ਰਸ਼ਾਦਿ, ਦੂਸਰਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ ਉਪਰੰਤ ਅਨੰਦ ਸਾਹਿਬ ਜੀ ਦੀ ਚੌਕੀ ਆਰੰਭ ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਅਨੰਦ ਸਾਹਿਬ ਜੀ ਦੀ ਚੌਕੀ ਦੀ ਸਮਾਪਤੀ | ੬.੧੫ ਤੋਂ ੭.੩੦ ਸਵੇ |
| ❋ ਕਥਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੭.੩੦ ਸਵੇ |
| ❋ ਆਰੰਭ ਤੇ ਸਮਾਪਤੀ ਅਖੰਡ ਪਾਠ, ਸਪਤਾਹ ਪਾਠ ਅਤੇ ਸਾਧਾਰਨ ਪਾਠ | ੧੦.੧੫ ਸਵੇ |
| ❋ ਅੰਮ੍ਰਿਤ ਸੰਚਾਰ | ੧੦.੩੦ ਸਵੇ |
| ❋ ਸਮਾਪਤੀ ਕੀਰਤਨ ਚਰਨ ਕੰਵਲ | ੧੧.੩੦ ਸਵੇ |
| ❋ ਕਥਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੧੨.੦੦ ਦੁਪਹਿ |
| ❋ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਜੀ ਦੀ ਸਫਾਈ | ੧੨ ਤੋਂ ੧ ਦੁਪਹਿ |
| ❋ ਭੋਗ ਦੇਗ ਪ੍ਰਸ਼ਾਦਿ | ੩.੪੫ ਦੁਪਹਿ |
| ❋ ਕਥਾ ਸੂਰਜ ਪ੍ਰਕਾਸ਼ ਗ੍ਰੰਥ | ੪ ਤੋਂ ੫ ਸ਼ਾ |
| ❋ ਕੀਰਤਨ ਸੋਦਰ ਚੌਕੀ | ੫ ਤੋਂ ੬.੩੦ ਸ਼ਾ |
| ❋ ਰਹਿਰਾਸ ਸਾਹਿਬ ਜੀ ਦਾ ਪਾਠ | ੬.੩੦ ਸ਼ਾ |
| ❋ ਆਰਤੀ, ਚੌਕੀ, ਸਵੈਯੇ | ੭.੦੦ ਰਾ |
| ❋ ਕੀਰਤਨ ਸੋਹਿਲਾ | ੯.੦੦ ਰਾ |

## ਇਤਿਹਾਸਕ ਸ਼ਸ਼ਤ੍ਰਾਂ ਦੇ ਦਰਸ਼ਨ

ਪਵਿੱਤਰ ਇਤਿਹਾਸਕ ਸ਼ਸ਼ਤ੍ਰਾਂ ਦੇ ਦਰਸ਼ਨ ਰਾਤ ਨੂੰ ਆਰਤੀ ਤੋਂ ਉਪਰੰਤ ਕਰਾਏ ਜਾਂਦੇ ਹਨ ।

## ਗੁਰੂ ਕਾ ਲੰਗਰ ੨੪ ਘੰਟੇ ਅਤੁੱਟ ਵਰਤਦਾ ਹੈ ।

### ਫ੍ਰੀ ਬੱਸ ਸੇਵਾ

❋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਏਅਰਪੋਰਟ ਤੋਂ ਸੰਗਤਾਂ ਨੂੰ ਸੱਚਖੰਡ ਸਾਹਿਬ ਦੀਆਂ ਸਰਾਵਾਂ ਤੱ ਲਿਆਉਣ ਅਤੇ ਵਾਪਸੀ ਏਅਰਪੋਰਟ ਤੇ ਛੱਡਣ ਲਈ ਫ੍ਰੀ ਬੱਸ ਸੇਵਾ ਦਾ ਪ੍ਰਬੰਧ ਹੈ ।

❋ ਇਸੇ ਤਰ੍ਹਾਂ ਰੇਲਵੇ ਸਟੇਸ਼ਨ ਤੋਂ ਸੱਚਖੰਡ ਐਕਸਪ੍ਰੈਸ ਟ੍ਰੇਨ ਰਾਹੀਂ ਆਉਣ ਅਤੇ ਜਾਣ ਵਾਲੀਅ ਸੰਗਤਾਂ ਨੂੰ ਸਰਾਵਾਂ ਤੱਕ ਲਿਆਉਣ ਅਤੇ ਵਾਪਸੀ ਸਟੇਸ਼ਨ ਤੇ ਛੱਡਣ ਲਈ ਫ੍ਰੀ ਬੱਸ ਸੇਵਾ ਹੈ

Sri Satguru Jagjit Singh Ji eLibrary NamdhariElibrary@gmail.com



ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਵਲੋਂ ਸੰਗਤਾਂ ਦੀ ਮੰਗ ਨੂੰ ਮੁੱਖ ਰਖਦਿਆਂ ਸ੍ਰੀ ਦਸੈਹਰਾ ਮਹਾਤਮ ਪੋਥੀਆਂ ਦੀ ਛਪਾਈ ਦਾ ਕਾਰਜ ਆਰੰਭ ਕੀਤਾ ਗਿਆ ਜਿਸ ਵਿਚ ਪਾਠ ਭੇਦ ਆਦਿ ਬਾਰੇ ਨਿਰਣੈ ਲੈਣ ਸਮੇਂ ਬਿਰਾਜੀ ਸੋਧਕ ਕਮੇਟੀ ਵਿਚ ਜਥੇਦਾਰ ਸਿੰਘ ਸਾਹਿਬ ਭਾਈ ਕੁਲਵੰਤ ਸਿੰਘ ਜੀ, ਹੈਡ ਗ੍ਰੰਥੀ ਸਿੰਘ ਸਾਹਿਬ ਭਾਈ ਪ੍ਰਤਾਪ ਸਿੰਘ ਜੀ, ਮੀਤ ਗ੍ਰੰਥੀ ਸਿੰਘ ਸਾਹਿਬ ਭਾਈ ਕਸ਼ਮੀਰ ਸਿੰਘ ਜੀ, ਧੂਪੀਆ ਸਿੰਘ ਸਾਹਿਬ ਭਾਈ ਰਾਮ ਸਿੰਘ ਜੀ, ਗਿਆਨੀ ਭਾਈ ਅਮਰਜੀਤ ਸਿੰਘ ਜੀ ਕਥਾਕਾਰ, ਗਿਆਨੀ ਅਵਤਾਰ ਸਿੰਘ ਜੀ ਸ਼ੀਤਲ ਸੰਪਾਦਕ ਸੱਚਖੰਡ ਪੱਤਰ, ਰਾਗੀ ਭਾਈ ਰਾਜਿੰਦਰ ਸਿੰਘ ਜੀ ਅਤੇ ਟਕਸਾਲ ਦੇ ਵਿਦਿਆਰਥੀ ਆਦਿ ਨਜ਼ਰ ਆ ਰਹੇ ਹਨ ।



ਸ੍ਰੀ ਦਸੈਹਰਾ ਮਹਾਤਮ ਪੋਥੀਆਂ ਛਪਣ ਤੋਂ ਬਾਅਦ ਉਨ੍ਹਾਂ ਦਾ ਪ੍ਰਕਾਸ਼ਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਵਿਖੇ ਕੀਤਾ ਗਿਆ । ਪ੍ਰਕਾਸ਼ਨ ਕਰਦੇ ਹੋਏ ਸਿੰਘ ਸਾਹਿਬ ਭਾਈ ਕੁਲਵੰਤ ਸਿੰਘ ਜੀ ਜਥੇਦਾਰ, ਮੀਤ ਜਥੇਦਾਰ ਸਿੰਘ ਸਾਹਿਬ ਭਾਈ ਜੋਤਿੰਦਰ ਸਿੰਘ ਜੀ, ਹੈਡ ਗ੍ਰੰਥੀ ਸਿੰਘ ਸਾਹਿਬ ਭਾਈ ਪ੍ਰਤਾਪ ਸਿੰਘ ਜੀ, ਸਿੰਘ ਸਾਹਿਬ ਭਾਈ ਰਾਮ ਸਿੰਘ ਜੀ ਧੂਪੀਆ ਆਦਿ ਨਜ਼ਰ ਆ ਰਹੇ ਹਨ ।

Sri Satguru Jagjit Singh Ji eLibrary NamdhariElibrary@gmail.com




ਗੋ-ਏਅਰ ਕੰਪਨੀ ਵਲੋਂ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਲਈ ਦਿੱਲੀ ਤੋਂ ਸਿੱਧੀ ਹਵਾਈ ਸੇਵਾ ਸ਼ੁਰੂ ਕੀਤੀ ਗਈ ਹੈ । ਜਿਸ ਕਾਰਨ ਸੰਗਤਾਂ ਤਖ਼ਤ ਸਾਹਿਬ ਦੇ ਦਰਸ਼ਨਾਂ ਦਾ ਲਾਭ ਲੈ ਰਹੀਆਂ ਹਨ । ਪਹਿਲੀ ਫਲਾਇਟ ਰਾਹੀਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਪੁੱਜੀਆਂ ਸੰਗਤਾਂ ਦਾ ਏਅਰਪੋਰਟ ਤੇ ਸ੍ਰ. ਡੀ.ਪੀ. ਸਿੰਘ ਜੀ ਸੁਪਰਡੈਂਟ ਗੁਰਦੁਆਰਾ ਸੱਚਖੰਡ ਸਾਹਿਬ ਵਲੋਂ ਨਿੱਘਾ ਸਵਾਗਤ ਕੀਤਾ ਗਿਆ । ਉਕਤ ਤਸਵੀਰਾਂ ਵਿਚ ਨਜ਼ਰ ਆ ਰਹੇ ਹਨ ਰਾਗੀ ਭਾਈ ਚਮਨਜੀਤ ਸਿੰਘ ਜੀ ਲਾਲ, ਸ੍ਰ. ਰਣਜੀਤ ਸਿੰਘ ਜੀ ਸਲੂਜਾ, ਪਹੁੰਚੀ ਸਾਧ ਸੰ[illegible] ਵਿਦਿਆਰਥੀ ।

Sri Satguru Jagjit Singh Ji eLibrary NamdhariElibrary@gmail.com



ਸਵਾਮੀ ਰਾਮਾਨੰਦ ਤੀਰਥ ਮਰਾਠਵਾੜਾ ਯੂਨੀਵਰਸਿਟੀ ਨਾਂਦੇੜ ਵਿਖੇ ਪਿਛਲੇ ਦਿਨੀਂ ਨੈਸ਼ਨਲ ਕਾਨਫਰੰਸ ਆੱਨ ਫਿਜ਼ੀਕਲ ਐਜ਼ੂਕੇਸ਼ਨ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁਖ ਮਹਿਮਾਨ ਦੇ ਰੂਪ ਵਿਚ ਗੁਰਦੁਆਰਾ ਸੱਚਖੰਡ ਸਾਹਿਬ ਦੇ ਸੁਪਰਡੈਂਟ ਸ੍ਰ. ਡੀ.ਪੀ. ਸਿੰਘ ਜੀ ਨੂੰ ਸਦਿਆ ਗਿਆ। ਉਨ੍ਹਾਂ ਨੇ ਸਵਾਮੀ ਰਾਮਨੰਦ ਜੀ ਦੀ ਤਸਵੀਰ ਨੂੰ ਫੁਲਹਾਰ ਭੇਟ ਕਰਨ ਉਪਰੰਤ ਜੋਤ ਜਗਾ ਕੇ ਕਾਨਫਰੰਸ ਦੀ ਸ਼ੁਰੂਆਤ ਕੀਤੀ । ਇਸ ਸਮੇਂ ਡਾ. ਸ੍ਰੀ ਸਰਜੇਰਾਓ ਜੀ ਨਿਮਸੇ ਵਾਈਸ ਚਾਂਸਲਰ, ਡਾ. ਪ੍ਰਤਾਪ ਸਿੰਘ ਜੀ ਸਾਬਕਾ ਵਾਈਸ ਚਾਂਸਲਰ ਗੁਲਬਰਗਾ, ਡਾ. ਐਸ.ਕੇ. ਵਰਮਾ ਜੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਹੋਰ ਅਧਿਕਾਰੀ ਨਾਲ ਨਜ਼ਰ ਆ ਰਹੇ ਹਨ ।




ਸ੍ਰ. ਡੀ.ਪੀ. ਸਿੰਘ ਜੀ ਸੁਪਰਡੈਂਟ ਨੇ 'ਜੋਗ ਦਾ ਆਪਨੇ ਜੀਵਨ ਵਿਚ ਕੀ ਮਹੱਤਵ' ਬਾਰੇ ਹਾਜ਼ਰ ਵੱਖ-ਵੱਖ ਸਟੇਟਾਂ ਤੋਂ ਆਏ ੨੦੭ ਡੇਲੀਗੇਟਸ ਨਾਲ ਵਿਚਾਰ ਸਾਂਝੇ ਕੀਤੇ, ਮੰਚ ਤੇ ਬਿਰਾਜਮਾਨ ਨਜ਼ਰ ਆ ਰਹੇ ਹਨ ਡਾ. ਸ੍ਰੀ ਸਰਜੇਰਾਓ ਜੀ ਨਿਮਸੇ ਵਾਈਸ ਚਾਂਸਲਰ, ਡਾਕਟਰ ਅਤੇ ਪ੍ਰੋਫੈਸਰ ਸਾਹਿਬਾਂਨ ।

Sri Satguru Jagjit Singh Ji eLibrary NamdhariElibrary@gmail.com



ਗੁਰਦੁਆਰਾ ਸੱਚਖੰਡ ਬੋਰਡ ਵਲੋਂ ਸੰਚਾਲਿਤ ਸ੍ਰੀ ਹਜ਼ੂਰ ਸਾਹਿਬ ਆਈ.ਟੀ.ਆਈ. ਨੂੰ ੨੫ ਸਾਲ ਪੂਰੇ ਹੋਣ ਦੀ ਖ਼ੁਸ਼ੀ ਵਿਚ ਸਿਲਵਰ ਜੁਬਲੀ ਪ੍ਰੋਗ੍ਰਾਮ ਆਯੋਜਿਤ ਕੀਤਾ ਗਿਆ, ਇਸ ਮੌਕੇ ਤੇ ਮੁੱਖ ਮਹਿਮਾਨ ਸ੍ਰੀ ਭੀਮਰਾਓ ਜੀ ਸ਼ੇੜਕੇ ਅਧਿਕਾਰੀ ਅਕਾਸ਼ਵਾਨੀ ਕੇਂਦਰ ਦਾ ਸ੍. ਡੀ.ਪੀ. ਸਿੰਘ ਜੀ ਸੁਪਰਡੈਂਟ ਗੁਰਦੁਆਰਾ ਸੱਚਖੰਡ ਸਾਹਿਬ ਵਲੋਂ ਸਤਿਕਾਰ ਕੀਤਾ ਗਿਆ, ਨਾਲ ਨਜ਼ਰ ਆ ਰਹੇ ਹਨ ਸ੍ਰੀ ਹਜ਼ੂਰ ਸਾਹਿਬ ਆਈ.ਟੀ.ਆਈ. ਦੇ ਪ੍ਰਿੰਸੀਪਲ ਸ੍. ਗੁਰਬਚਨ ਸਿੰਘ ਜੀ।



ਇਸ ਮੌਕੇ ਤੇ ਸ੍. ਡੀ.ਪੀ. ਸਿੰਘ ਜੀ ਸੁਪਰਡੈਂਟ ਨੇ ਡਾ. ਪਰਵਿੰਦਰ ਸਿੰਘ ਜੀ ਪਸਰੀਚਾ ਪ੍ਰਸ਼ਾਸ਼ਕ ਗੁਰਦੁਆਰਾ ਸੱਚਖੰਡ ਸਾਹਿਬ ਦਾ ਵਿਸ਼ੇਸ਼ ਸੰਦੇਸ਼ ਪੜ੍ਹਿਆ ਅਤੇ ਹਾਜ਼ਰੀਨ ਨਾਲ ਆਪਣੇ ਵਿਚਾਰ ਸਾਂਝੇ ਕੀਤੇ ।



ਪਿਛਲੇ ੨੫ ਸਾਲਾਂ ਵਿਚ ਸ੍ਰੀ ਹਜ਼ੂਰ ਸਾਹਿਬ ਆਈ.ਟੀ.ਆਈ. ਤੋਂ ਵਿਦਿਆ ਹਾਸਿਲ ਕਰਕੇ ਸਮਾਜ ਵਿਚ ਉੱਚ ਮੁਕਾਮ ਹਾਸਲ ਕਰਨ ਵਾਲਿਆਂ ਦਾ ਸ੍. ਡੀ.ਪੀ. ਸਿੰਘ ਜੀ ਸੁਪਰਡੈਂਟ ਸਾਹਿਬ ਵਲੋਂ ਮਾਣ-ਸਤਿਕਾਰ ਕੀਤਾ ਗਿਆ । ਤਸਵੀਰ ਵਿਚ ਨਜ਼ਰ ਆ ਰਹੇ ਹਨ ਸ੍ਰੀਮਤੀ ਜੋਗਿੰਦਰ ਕੌਰ ਜੀ ਖੰਗੂੜਾ ਮੁਖ ਅਧਿਆ[illegible] ਹੋਰ ਸੱਜਣ।

Sri Satguru Jagjit Singh Ji eLibrary NamdhariElibrary@gmail.com

ੴ ਵਾਹਿਗੁਰੂ ਜੀ ਕੀ ਫਤਹਿ ॥

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥

# ਸੱਚਖੰਡ ਪੱਤਰ

ਗੁਰਦੁਆਰਾ ਬੋਰਡ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਵਲੋਂ ਪ੍ਰਕਾਸ਼ਤ ਧਾਰਮਿਕ ਮਾਸਕ ਪੱਤਰ

ਸਾਲ ੩੬ ਮਈ ੨੦੧੦ ਅੰਕ ੪੨੭

ਸੰਪਾਦਕ
ਗਿਆਨੀ ਅਵਤਾਰ ਸਿੰਘ 'ਸ਼ੀਤਲ'
M.Com., L.L.B.

ਸਹਾ. ਸੰਪਾਦਕ
ਰਾਜਦਵਿੰਦਰ ਸਿੰਘ 'ਕੱਲ੍ਹਾ'
M.A., G.P.

## ਗੁਰਪੁਰਬ ਤੇ ਦਿਨ ਤਿਉਹਾਰ
## ਮਈ–ਜੂਨ ੨੦੧੦

| | |
|---|---|
| * ਅਵਤਾਰ ਦਿਵਸ ਪਾ: ੨ | ੧੪ ਮਈ |
| * ਅਵਤਾਰ ਦਿਵਸ ਪਾ: ੩ | ੨੬ ਮਈ |
| * ੪੦ ਮੁਕਤਿਆਂ ਦਾ ਸਹੀਦੀ ਦਿਨ ਮੁਕਤਸਰ | ੪ ਮਈ |
| * ਸਰਹਿੰਦ ਫਤਹਿ ਦਿਵਸ | ੧੪ ਮਈ |
| * ਸੰਗਰਾਂਦ | ੧੪ ਮਈ |
| * ਮੱਸਿਆ | ੧੪ ਮਈ |
| * ਪੂਰਨਮਾਸੀ | ੨੭ ਮਈ |
| * ਗੁਰਿਆਈ ਪੁਰਬ ਪਾ: ੬ | ੫ ਜੂਨ |
| * ਸ਼ਹੀਦੀ ਦਿਵਸ ਪਾ: ੫ | ੧੬ ਜੂਨ |
| * ਅਵਤਾਰ ਦਿਵਸ ਪਾ: ੬ | ੨੭ ਜੂਨ |
| * ਸਾਕਾ ਨੀਲਾ ਤਾਰਾ | ੪–੬ ਜੂਨ |
| * ਸ਼ਹੀਦੀ ਬਾਬਾ ਬੰਦਾ ਸਿੰਘ ਜੀ ਬਹਾਦਰ | ੮ ਜੂਨ |
| * ਬਰਸੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ | ੨੯ ਜੂਨ |
| * ਜਨਮ ਦਿਨ ਭਗਤ ਕਬੀਰ ਜੀ | ੩੦ ਜੂਨ |
| * ਸੰਗਰਾਂਦ | ੧੫ ਜੂਨ |
| * ਮੱਸਿਆ | ੧੨ ਜੂਨ |
| * ਪੂਰਨਮਾਸੀ | ੨੬ ਜੂਨ |

ਨੋਟ :- 'ਸੱਚਖੰਡ ਪੱਤਰ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਕੁਲ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਸੋ, ਲਾਜ਼ਮੀ ਨਹੀਂ ਕਿ ਇਹਨਾਂ ਨਾਲ ਗੁ: ਬੋਰਡ ਜਾਂ ਅਦਾਰਾ ਸੱਚਖੰਡ ਪੱਤਰ ਪੂਰੀ ਤਰ੍ਹਾਂ ਸਹਿਮਤ ਹੋਵੇ।

–ਪ੍ਰਕਾਸ਼ਕ

## ਦਰਪਨ

* ਸੰਪਾਦਕੀ — ੩
* ਪਹਿਲਾ ਸਿੱਖ ਹੁਕਮਰਾਨ–ਬਾਬਾ ਬੰਦਾ ਸਿੰਘ ਬਹਾਦਰ
–ਪ੍ਰੋ. ਕਿਰਪਾਲ ਸਿੰਘ ਬਡੂੰਗਰ — ੯
* ਖਾਲਸਾ ਹਲੇਮੀ ਰਾਜ ਦੇ ਬਾਦਸ਼ਾਹ – ਬਾਬਾ ਬੰਦਾ ਸਿੰਘ ਜੀ ਬਹਾਦਰ
–ਸ੍ਰ: ਸਤਨਾਮ ਸਿੰਘ ਖਾਲਸਾ ਐਡਵੋਕੇਟ — ੨੦
* ਬਾਬਾ ਬੰਦਾ ਸਿੰਘ ਜੀ ਬਹਾਦਰ
–ਡਾ. ਜਸਬੀਰ ਸਿੰਘ ਆਹਲੂਵਾਲੀਆ — ੨੩
* ਸਿੱਖ ਰਾਜ ਦਾ ਗੌਰਵ ਤੇ ਦੁਖਾਂਤ– ਪ੍ਰਮਾਣਿਕ ਦਸਤਾਵੇਜ਼ੀ ਬਿਰਤਾਂਤ
–ਡਾ. ਕੁਲਦੀਪ ਸਿੰਘ ਧੀਰ — ੨੯
* ਦਸਮੇਸ਼ ਦਰਪਣ – ੩ –ਡਾ. ਤਾਰਨ ਸਿੰਘ — ੩੫
* ਚਿੱਠਾ ਆਮਦਨ–ਖਰਚ (ਮਾਰਚ–੨੦੧੦) — ੩੮

## हिन्दी विभाग

* खालसा राज्य के संस्थापक-बाबा बंदा सिंघ बहादर
-डॉ. राजेंद्र सिंघ जी — 2
* आपु गवाइ सेवा करे..........
-स. अवतार सिंघ जी — 5
* खालसे के बच्चों में होता है अमृत का असर
-स. नानक सिंघ जी (टीवर) — 8
* गुरबाणी कैसे पढ़ें ?
-स. नानक सिंघ जी निश्तर — 9
* करेगा जिक्र हर मौसम...............
-डॉ. सतनाम सिंघ जी कोमल — 12

## ENGLISH SECTION

* Discovering-Baba Banda Singh Ji Bahadur
- Dr. Surinder Singh Ji — 2
* Salvation according to Sikhism
- S. Santokh Singh Ji — 12

Sri Satguru Jagjit Singh Ji eLibrary NamdhariElibrary@gmail.com

## ਸੱਚਖੰਡ ਪੱਤਰ ਦੀਆਂ ਨਵੀਆਂ ਭੇਟਾਵਾਂ

ਸੱਚਖੰਡ ਪੱਤਰ ਦੇ ਸਮੂਹ ਪਾਠਕਾਂ ਪ੍ਰਤੀ ਸਨਿਮ੍ਰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਮਿਤੀ ੧-੪-੨੦੧੦ ਤੋਂ ਸੱਚਖੰਡ ਪੱਤਰ ਦਾ ਸਲਾਨਾ ਚੰਦਾ ਅਤੇ ਪ੍ਰਤੀ ਕਾਪੀ ਦੀ ਭੇਟਾ ਹੇਠ ਲਿਖੇ ਅਨੁਸਾਰ ਨੀਯਤ ਗਏ ਹਨ । ਕਿਰਪਾ ਕਰਕੇ ਸਹਿਯੋਗ ਦੇਣਾ ਜੀ :

੧) ਸੱਚਖੰਡ ਪੱਤਰ ਦਾ ਸਾਲਾਨਾ ਚੰਦਾ (ਦੇਸ਼ ਲਈ) = ੨੦੦/- ਰੁਪੈ

੨) ਸੱਚਖੰਡ ਪੱਤਰ ਦਾ ਸਾਲਾਨਾ ਚੰਦਾ (ਵਿਦੇਸ਼ ਲਈ ) = ੧੦੦੦/- ਰੁਪੈ
(ਹਵਾਈ ਡਾਕ ਰਾਹੀਂ)

੩) ਸੱਚਖੰਡ ਪੱਤਰ ਪ੍ਰਤੀ ਕਾਪੀ = ੧੭/- ਰੁਪੈ

ਨੋਟ : ਸੱਚਖੰਡ ਪੱਤਰ ਦੇ ਜੀਵਨ ਭਰ ਮੈਂਬਰਸ਼ਿਪ ਲਈ ਲਿਆ ਜਾਂਦਾ ਚੰਦਾ ਅੱਗੋਂ ਤੋਂ ਬੰਦ ਕੀਤਾ ਗਿਆ ਹੈ । ਕੇਵਲ ਸਲਾਨਾ ਮੈਂਬਰਸ਼ਿਪ ਹੀ ਹੋ ਸਕੇਗੀ । ਵਿਦੇਸ਼ਾਂ ਲਈ ਹੁਣ ਸਮੁੰਦਰੀ ਡਾਕ ਰਾਹੀਂ ਸੱਚਖੰਡ ਪੱਤਰ ਨਹੀਂ ਭੇਜਿਆ ਜਾਵੇਗਾ, ਕੇਵਲ ਹਵਾਈ ਡਾਕ ਰਾਹੀਂ ਮੰਗਵਾਉਣ ਦੇ ਇਛੁਕ ਪਾਠਕਾਂ ਪਾਸੋਂ ਹੀ ਚੰਦਾ ਲਿਆ ਜਾਵੇਗਾ ।

– ਪ੍ਰਕਾਸ਼ਕ

## ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵੱਲੋਂ ੪੨ਵਾਂ ਸਾਮੂਹਿਕ ਵਿਵਾਹ ਮੇਲਾਵਾ ੧ ਅਤੇ ੨ ਮਈ ਨੂੰ

ਸਮੂੰਹ ਸੰਗਤਾਂ ਨੂੰ ਇਹ ਜਾਣਕੇ ਬੜੀ ਖੁਸ਼ੀ ਹੋਵੇਗੀ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵੱਲੋਂ ਪੂਜਨੀਕ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਸਰਪ੍ਰਸਤੀ ਹੇਠ ੪੨ਵਾਂ ਸਾਮੂਹਿਕ ਵਿਵਾਹ ਮੇਲਾਵਾ ਦਾ ਆਯੋਜਨ ਮਿਤੀ ੧ ਅਤੇ ੨ ਮਈ ੨੦੧੦ ਨੂੰ ਕੀਤਾ ਜਾ ਰਿਹਾ ਹੈ ਜਿਸ ਵਿੱਚ ੩੫ ਲਾੜੇ ਲਾੜੀਆਂ ਦੇ ਵਿਆਹ ਕਾਰਜ ਸੰਪਨ ਹੋ ਰਹੇ ਹਨ । ਯਾਦ ਰਹੇ ਕਿ ਸਾਲ ਵਿੱਚ ਦੋ ਵਾਰ ਮਈ ਅਤੇ ਦਸੰਬਰ ਮਹੀਨੇ ਵਿੱਚ ਗੁਰਦੁਆਰਾ ਤਖ਼ਤ ਸੱਚਖੰਡ ਸਾਹਿਬ ਵੱਲੋਂ ਸਾਮੂਹਿਕ ਵਿਵਾਹ ਮੇਲਾਵਾ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਦਾ ਨਿਰੋਲ ਮਕਸਦ ਸਿੱਖ ਸਮਾਜ ਨੂੰ ਵਿਵਾਹ ਕਾਰਜ਼ਾਂ ਵਿੱਚ ਕੀਤੇ ਜਾਂਦੇ ਵਾਧੂ ਖਰਚਿਆਂ ਤੋਂ ਰੋਕ ਕੇ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨਾ ਹੈ ।


Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਮਹਾਨ ਸੂਰਬੀਰ ਯੋਧੇ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਬੀਰ ਰਸ ਤੋਂ ਬੀਰ ਰਸ ਤੱਕ ਦਾ ਸਫਰ

ਪੂਰੇ ਸੰਸਾਰ ਦੇ ਇਤਿਹਾਸ 'ਤੇ ਦ੍ਰਿਸ਼ਟੀ ਪਾਈਏ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਜਦੋਂ ਵੀ ਜਿਸ ਦੇਸ਼ ਦੀ ਜੁਆਨੀ ਬੀਰ ਰਸ ਤੋਂ ਥੋੜਾ ਜਿਹਾ ਵੀ ਦੂਰ ਹੋਈ, ਉਸ ਦੇਸ਼ ਦੇ ਵਾਸੀ ਗੁਲਾਮ ਬਣਾ ਲਏ ਗਏ । ਇਸ ਵਿਚ ਭਾਰਤ ਦਾ ਇਤਿਹਾਸ ਅਪਵਾਦ ਨਹੀਂ ਹੈ । ਭਾਰਤ ਦੇ ਇਤਿਹਾਸ ਦੇ ੫੦੦੦ ਸਾਲਾਂ ਤੇ ਨਜ਼ਰ ਪਾਈਏ ਤਾਂ ਇਹ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਜਦੋਂ ਵੀ ਭਾਰਤ ਦੇ ਵਾਸੀਆਂ ਨੂੰ ਗੁਲਾਮੀ ਦੀਆਂ ਜੰਜੀਰਾਂ ਵਿਚੋਂ ਕਢਣ ਦੇ ਜਤਨ ਕੀਤੇ ਗਏ ਤਾਂ ਬੀਰ ਰਸ ਤੇ ਸ਼ਸਤ੍ਰਾਂ ਦੀ ਲੋੜ ਪਈ ਤੇ ਬੀਰ ਰਸ ਜੋਧਿਆਂ ਦੀ, ਅਵਤਾਰਾਂ ਦੀ, ਮਹਾਪੁਰਸ਼ਾਂ ਦੀ ਲੋੜ ਪਈ । ਉਹਨਾਂ ਨੇ ਜਗਤ ਵਿਚ ਆ ਕੇ ਜਰਵਾਣਿਆਂ ਦਾ, ਪਾਪੀਆਂ ਦਾ, ਜ਼ੁਲਮੀ ਅਤਿਆਚਾਰੀਆਂ ਦਾ ਨਾਸ਼ ਕੀਤਾ ਹੈ ।

ਸ੍ਰੀ ਕ੍ਰਿਸ਼ਨ ਜੀ ਨੂੰ ਦ੍ਵਾਪਰ ਯੁਗ ਵਿੱਚ ਜਰਵਾਣਿਆਂ ਨੂੰ ਮਾਰਣ ਲਈ, ਮੁੜ ਸ਼ਾਂਤੀ ਕਾਇਮ ਕਰਨ ਲਈ ਸੁਦਰਸ਼ਨ ਚਕ੍ਰ ਉਠਾਣਾ ਪਿਆ । ਅਨੇਕਾਂ ਜੁਗਤੀਆਂ ਦੇ ਨਾਲ ਕੰਸ, ਦੁਰਜੋਧਨ ਆਦਿ ਨੂੰ ਮਾਰਿਆ ਗਿਆ ਸੀ । ਤ੍ਰੇਤਾ ਜੁਗ ਵਿਚ ਸ੍ਰੀ ਰਾਮ ਜੀ ਨੂੰ ਵੀ ਸ਼ਸਤ੍ਰ ਚਲਾ ਕੇ ਹੀ ਰਾਵਨ, ਅਹਿ ਰਾਵਨ, ਤ੍ਰਾਟਿਕਾ ਆਦਿ ਨੂੰ ਮਾਰਣਾ ਪਿਆ ਸੀ । ਕਲਜੁਗ ਵਿਚ ਵੀ ਜਰਵਾਣਿਆਂ ਤੇ ਜ਼ੁਲਮੀ ਔਰੰਗਜੇਬ ਦੀ ਸ਼ਾਹੀ ਫੌਜ਼ ਦੇ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਆਪਣੇ ਸਾਥੀਆਂ, ਸਿੱਖਾਂ ਨਾਲ ਸ਼ਸਤ੍ਰ ਲੈ ਕੇ ਹੀ ਲੜਨਾ ਪਿਆ ਸੀ । ਇਸ ਪ੍ਰਕਾਰ ਦੇ ਸ਼ਾਂਤੀ ਸਥਾਪਿਤ ਕਰਨ ਲਈ ਲੜੇ ਗਏ ਜੰਗਾਂ ਦੇ ਬਾਦ ਦੇਸ਼ ਤੇ ਸਮਾਜ ਵਿਚ ਸ਼ਾਂਤੀ ਆਈ ਸੀ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਸਿੱਖਾਂ ਵਿਚ ਵੀ ਬੀਰ ਰਸ ਭਰਨ ਲਈ ਬੇਅੰਤ ਬਾਣੀ ਦੀ ਰਚਨਾ ਕੀਤੀ ਹੈ । ਅਨੇਕਾਂ ਸ਼ਸਤ੍ਰਾਂ ਦੀ ਉਪਮਾ ਵੀ ਕੀਤੀ ਹੈ –

*ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ।।*
*ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ।।੩।।.........*
*ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰ ਤੀਰ ।।*
*ਤੁਹੀ ਨਿਸ਼ਾਨੀ ਜੀਤ ਕੀ ਆਜ ਤੁਹੀ ਜਗ ਬੀਰ ।।*

ਜਿਸ ਬਾਣੀ ਨੂੰ ਪੜ੍ਹ ਕੇ ਸਿੱਖ ਸੂਰਮੇ ਜੰਗ ਭੂਮੀ ਵਿਚ ਲੜਦੇ-ਲੜਦੇ ਆਪਣੀਆਂ ਜਾਨਾਂ ਤੀਕ ਕੁਰਬਾਨ ਕਰ ਦਿੰਦੇਂ ਸਨ । ਇਹ ਠੀਕ ਹੈ ਕਿ ਦੇਸ਼ ਤੇ ਸਮਾਜ ਅਤੇ ਦੁਨੀਆਂ ਵਿਚ ਸ਼ਾਂਤੀ ਰਹਿਣੀ ਜਰੂਰੀ ਹੈ, ਪਰ ਸ਼ਾਂਤੀ ਕਾਇਮ ਕਰਨ ਲਈ ਬੀਰ ਰਸ ਵੀ ਜਰੂਰੀ ਹੈ, ਸ਼ਸਤ੍ਰ ਵੀ ਜਰੂਰੀ ਹੈ।

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਰੇ ਜੰਗਾਂ ਜੁੱਧਾਂ ਦੇ ਬਾਦ ਦੱਖਣ ਵਲ ਆਏ, ਨਾਂਦੇੜ ਦੀ ਧਰਤੀ ਤੇ ਪੁੱਜੇ, ਤਾਂ ਗੁਦਾਵਰੀ ਨਦੀ ਦੇ ਕੰਢੇ ਰਹਿਣ ਵਾਲੇ ਇਕ ਰਾਜਪੂਤ ਬੈਰਾਗੀ ਮਾਧੋਦਾਸ ਨੂੰ ਮਿਲੇ, ਜੋ ਆਪਣੇ ਆਸ਼੍ਰਮ ਵਿੱਚ ਇੱਕ ਪਲੰਘ ਤੇ ਸਾਧੂਆਂ ਨੂੰ ਬਿਠਾ ਕੇ ਪਲੰਘ ਉਲਟਾ ਕਰਕੇ ਉਹਨਾਂ ਦਾ ਤਿਰਸਕਾਰ ਕਰਦਾ ਸੀ । ਇਸ ਨੇ ਕਈ ਪ੍ਰਕਾਰ ਦੀਆਂ ਗੈਬੀ ਸ਼ਕਤੀਆਂ ਆਪਣੇ ਵਸ ਵਿਚ ਕਰ ਰਖੀਆਂ ਸਨ ।

ਇਸ ਦਾ ਇਤਿਹਾਸ ਇਸ ਪ੍ਰਕਾਰ ਸੀ ਕਿ ਪਹਿਲਾਂ ਇਹ ਇਕ ਰਾਜਪੂਤ ਬੀਰ ਰਸੀ


Sri Satguru Jagjit Singh Ji eLibrary NamdhariElibrary@gmail.com

ਜੋਧਾ ਹੋਇਆ ਕਰਦਾ ਸੀ, ਇਸ ਦਾ ਜਨਮ ਕਸ਼ਮੀਰ ਦੇ ਪੁਨਛ ਇਲਾਕੇ ਵਿਚ ਰਾਜੌਰੀ ਪਿੰਡ ਵਿਚ ਹੋਇਆ ਸੀ । ਜਨਮ ਅਤੇ ਖਿਰਤੀ ਕਰਕੇ ਇਹ ਸੂਰਮਾ ਖਤ੍ਰੀ ਸੀ। ਸ਼ਿਕਾਰ ਖੇਡਣ ਦਾ ਇਸ ਨੂੰ ਬੜਾ ਸ਼ੌਕ ਸੀ। ਇਕ ਦਿਨ ਸ਼ਿਕਾਰ ਖੇਡਦਿਆਂ ਇਸ ਦੇ ਹਥੋਂ ਇਕ ਗਰਭਵਤੀ ਹਿਰਨੀ ਦਾ ਸ਼ਿਕਾਰ ਹੋ ਗਿਆ, ਉਹ ਹਿਰਨੀ ਤੇ ਉਸਦਾ ਬੱਚਾ ਇਸਦੇ ਸਾਹਮਣੇ ਤੜਫ-ਤੜਫ ਕੇ ਮਰ ਗਏ। ਇਹ ਕਰੁਣਾ ਤੋਂ ਭਰਿਆ ਹੋਇਆ ਦ੍ਰਿਸ਼ ਵੇਖ ਕੇ ਇਸ ਦੇ ਮਨ ਵਿਚ ਦਯਾ ਆਈ ਤੇ ਇਸਨੇ ਸ਼ਸਤ੍ਰ ਚਲਾਉਣਾ ਤੇ ਸ਼ਿਕਾਰ ਕਰਨਾ ਛੱਡ ਦਿੱਤਾ । ਇਹ ਫਿਰ ਬੈਰਾਗੀ ਬਣ ਗਿਆ, ਮਾਤਾ ਪਿਤਾ ਨੇ ਇਸ ਦਾ ਨਾਮ ਲਛਮਣ ਦਾਸ ਰਖਿਆ ਸੀ, ਫਿਰ ਇਸ ਨੇ ਜੋਗੀਆਂ ਕੋਲੋਂ ਦੀਕਸ਼ਾ ਲਈ ਤੇ ਨਾਮ ਮਾਧੋ ਦਾਸ ਹੋ ਗਿਆ, ਗੋਦਾਵਰੀ ਦੇ ਕੰਢੇ-ਕੰਢੇ ਚਲਦਾ ਹੋਇਆ ਕੁਛ ਸਮਾਂ ਨਾਸਿਕ ਰਿਹਾ, ਉਥੇ ਔਘੜਨਾਥ ਤੋਂ ਰਿਧੀਆਂ ਸਿਧੀਆਂ ਸਿਖ ਕੇ ਨਾਂਦੇੜ ਆ ਗੋਦਾਵਰੀ ਦੇ ਕੰਢੇ ਆਸ਼੍ਰਮ ਬਣਾ ਕੇ ਰਹਿਣ ਲਗਾ ।

ਜਦ ਗੁਰੂ ਜੀ ਇਸ ਦੇ ਕੋਲ ਆਏ ਤਾਂ ਇਸ ਨੇ ਆਪਣੀ ਸਾਰੀ ਸ਼ਕਤੀ ਲਾਈ ਪਰ ਪਲੰਘ ਨਹੀਂ ਹਿਲਿਆ ਆਪਣੇ ਤੋਂ ਜਿਆਦਾ ਸ਼ਕਤੀਵਾਨ ਜਾਣ ਕੇ ਗੁਰੂ ਜੀ ਦੀ ਸ਼ਰਨ ਪੈ ਗਿਆ। ਗੁਰੂ ਜੀ ਨੇ ਇਸ ਨੂੰ ਅੰਮ੍ਰਿਤ ਦੀ ਦਾਤ ਦੇ ਕੇ, ਇਸ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੋਇਆ ਇਸ ਨੂੰ ਸਿੰਘ ਸਜਾਇਆ, ਨਾਮ ਭਾਈ ਗੁਰਬਖ਼ਸ਼ ਸਿੰਘ ਰਖਿਆ, ਤੇ 'ਬੰਦਾ ਬਹਾਦਰ' ਦਾ ਤਖੱਲਸ ਦਿੱਤਾ । ਇਸ ਨੂੰ ਸਿੱਖ ਧਰਮ ਦੇ ਮੁਢਲੇ ਸਿਧਾਂਤਾਂ ਬਾਰੇ ਗਿਆਨ ਦਿੱਤਾ ਗਿਆ । ਛੋਟੇ ਸਾਹਿਬਜਾਦਿਆਂ ਤੇ ਵੱਡੇ ਸਾਹਿਬਜਾਦਿਆਂ ਦੀ ਸ਼ਹੀਦੀ ਬਾਰੇ ਜਾਣੂੰ ਕਰਵਾਇਆ ਗਿਆ । ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਅਤੇ ਸਾਹਿਬਜਾਦਿਆਂ ਦੇ ਸ਼ਹੀਦੀ ਦਾ ਇਤਿਹਾਸ ਸੁਣ ਕੇ ਇਹ ਮਾਧੋ ਦਾਸ ਕਹਾਉਣ ਵਾਲਾ ਬੈਰਾਗੀ ਮੁੜ ਬੀਰ ਰਸ ਨਾਲ ਭਰ ਗਿਆ । ਸਰਹੰਦ ਦੀ ਇਟ ਨਾਲ ਇਟ ਖੜਕਾਉਣ ਵਾਲਾ ਬਾਬਾ ਬੰਦਾ ਸਿੰਘ ਜੀ ਬਹਾਦਰ ਕਹਿਲਾਇਆ ।

ਗੁਰੂ ਜੀ ਨੇ ਇਸ ਨੂੰ ਪੰਜ ਤੀਰ, ਇਕ ਨਗਾਰਾ, ਇਕ ਨਿਸ਼ਾਨ ਸਾਹਿਬ ਦੇ ਕੇ ਪੰਜਾਂ ਪਿਆਰਿਆਂ ਦੇ ਨਾਲ ਪੰਜਾਬ ਵੱਲ ਭੇਜਿਆ । ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਪੰਜਾਬ ਵੱਲ ਜਾ ਕੇ ਪੰਜਾਂ ਪਿਆਰਿਆਂ ਦੇ ਸਹਿਯੋਗ ਨਾਲ ਛੇਤੀ ਹੀ ਇਕ ਵੱਡੀ ਫੌਜ ਤਿਆਰ ਕਰ ਲਈ ਤੇ ਜਰਵਾਣਿਆਂ ਤੇ ਜੁਲਮੀਆਂ ਨੂੰ ਸੋਧਣ ਲਈ ਸਰਹੰਦ ਤੇ ਹਮਲਾ ਕੀਤਾ ਅਤੇ ਮਈ ਮਹੀਨੇ ਦੇ ਦੂਜੇ ਹਫਤੇ ਵਿਚ (ਸੰਨ ੧੭੧੦ ਵਿਚ) ਸਰਹੰਦ ਫਤਹਿ ਕੀਤੀ ਅਤੇ ਹੋਰ ਵੀ ਟਿਕਾਣਿਆਂ ਤੇ ਹਮਲੇ ਕਰਕੇ ਕਈ ਥਾਵਾਂ ਨੂੰ ਆਪਣੇ ਕਬਜੇ ਵਿਚ ਲੈ ਕੇ ਕੇਸਰੀ ਨਿਸ਼ਾਨ ਝੁਲਾ ਦਿੱਤੇ । ਛੋਟੇ ਸਾਹਿਬਜਾਦਿਆਂ ਤੇ ਮਾਤਾ ਗੁਜਰੀ ਜੀ ਦੀਆਂ ਸ਼ਹੀਦੀਆਂ ਦੇ ਜ਼ੁੰਮੇਵਾਰ ਕਾਤਿਲ ਵਜ਼ੀਰ ਖਾਂ ਨੂੰ ਸਜਾ ਦਿੱਤੀ ਤੇ ਮੌਤ ਦੇ ਘਾਟ ਉਤਾਰ ਦਿੱਤਾ ।

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਿੱਕੇ ਚਲਾ ਕੇ 'ਖਾਲਸਾ ਰਾਜ' ਕਾਇਮ ਕੀਤਾ । ਹੁਣ ਵੱਡੇ-ਵੱਡੇ ਸੂਰਮੇ ਵੀ 'ਬੰਦਾ ਬਹਾਦਰ' ਦੇ ਨਾਮ ਤੋਂ ਕੰਬ ਜਾਂਦੇ ਸਨ । ਕਈ ਜਰਵਾਣਿਆਂ ਦੇ ਅਸਥਾਨਾਂ ਨੂੰ ਮਲੀਆਮੇਟ ਕਰ ਦਿੱਤਾ ਅਤੇ ਪੂਰੇ ਪੰਜਾਬ ਵਿਚ ਖਾਲਸੇ ਦਾ ਨਾਂ ਰੋਸ਼ਨ ਕੀਤਾ ।

ਪਹਿਲਾਂ ਜਿਸ ਪ੍ਰਕਾਰ ਦੇ ਬੀਰ ਰਸ ਨਾਲ ਲਛਮਣ ਦਾਸ ਦੇ ਨਾਂ ਨਾਲ ਵਿਚਰਣ ਵਾਲੇ ਬੰਦੇ ਵਿਚ ਅਤੇ ਹੁਣ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਬੀਰ ਰਸ ਵਿਚ ਵਿਚਰਣ ਵਾਲੇ ਬੰਦੇ ਵਿਚ ਕਾਫੀ ਅੰਤਰ ਸੀ । ਪਹਿਲਾਂ ਇਸ ਦੇ ਬੀਰ ਰਸ ਦੀ ਸ਼ਕਤੀ ਕਿਸੇ ਵੀ ਉਸਾਰੂ ਕੰਮ ਵਿਚ

Sri Satguru Jagjit Singh Ji eLibrary NamdhariElibrary@gmail.com

ਨਹੀਂ ਸੀ ਲਗ ਰਹੀ । ਪਰੰਤੂ ਅੰਮ੍ਰਿਤ ਛਕਣ ਤੋਂ ਬਾਅਦ ਬੈਰਾਗੀ ਦਾ ਚੋਲਾ ਤਿਆਗਣ ਦੇ ਬਾਦ ਜੋ ਬੀਰ ਰਸ ਇਸ ਵਿਚ ਆਇਆ, ਜੋ ਸ਼ਕਤੀ ਪ੍ਰਾਪਤ ਹੋਈ ਉਹ ਉਸਾਰੂ ਕੰਮਾਂ ਵਿਚ ਲਾਈ, ਗੁਰੂ ਕੇ ਲੇਖੇ ਲਾਈ, ਕੌਮ ਤੇ ਦੇਸ਼ ਦੇ ਲੇਖੇ ਲਗੀ ਅਤੇ ਇਸ ਤਰ੍ਹਾਂ ਇਹ ਇਕ ਇਤਿਹਾਸਕ ਮਹਾਂਪੁਰਸ਼ ਜੋਧਾ ਹੋਇਆ । ਇਹ ਸੀ ਇਸਦਾ ਬੀਰ ਰਸ ਤੋਂ ਬੀਰ ਰਸ ਤੀਕ ਦਾ ਇਤਿਹਾਸਕ ਸਫਰ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਅਪ੍ਰੈਲ ਮਹੀਨੇ ਵਿਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦੀ ਪਾਵਨ ਧਰਤੀ ਤੋਂ ਇਕ ਫਤਹਿ ਮਾਰਚ ਆਰੰਭ ਹੋਇਆ ਜੋ ਮਈ ਮਹੀਨੇ ਦੇ ਦੂਜੇ ਹਫਤੇ ਸਰਹੰਦ ਫਤਹਿਗੜ੍ਹ ਸਾਹਿਬ ਪਹੁੰਚੇਗਾ । ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਕੀਤੇ ਹੋਏ ਬੀਰ ਰਸੀ ਕਾਰਨਾਮਿਆਂ ਨੂੰ ਚੇਤਾ ਕਰਦੇ ਹੋਏ ਸਾਰੇ ਹੀ ਸਿੱਖ ਜਗਤ ਵੱਲੋਂ 'ਸਰਹੰਦ ਫਤਹਿ ਦਾ ੩੦੦ ਸਾਲਾ' ਸ੍ਰੀ ਫਤਹਿਗੜ੍ਹ ਸਾਹਿਬ ਸਰਹਿੰਦ ਵਿਖੇ ਬੜੇ ਹੀ ਸ਼ਰਧਾ ਭਾਵਨਾ ਅਤੇ ਜੋਸ਼ ਨਾਲ ਮਨਾਇਆ ਜਾ ਰਿਹਾ ਹੈ।

ਆਓ, ਅਸੀਂ ਵੀ ਜੁੜੀਏ ।

*–ਗਿ: ਅਵਤਾਰ ਸਿੰਘ ਸ਼ੀਤਲ*

## : ਪੁੱਛ–ਗਿੱਛ ਦਫਤਰ ਤੇ ਹੋਰ ਜਰੂਰੀ ਫੋਨ ਨੰਬਰ :

| | | |
|---|---|---|
| ਦਫਤਰ ਸੁਪਰਡੈਂਟ ਗੁਰਦੁਆਰਾ ਸੱਚਖੰਡ ਬੋਰਡ | = | (02462)-243559, 244166 |
| ਦਫਤਰ ਚੇਅਰਮੈਨ ਪ੍ਰਸ਼ਾਸਕੀ ਸਮਿਤੀ | = | 02462-234813 |
| ਦਫਤਰ ਪੁੱਛ–ਗਿਛ ਅਖੰਡ ਪਾਠ ਸਾਹਿਬ | = | 02462-241266 |
| ਦਫਤਰ ਮਾਸਿਕ ਸੱਚਖੰਡ ਪੱਤਰ | = | 02462-231170 |
| ਫੈਕਸ ਨੰਬਰ ਦਫਤਰ ਗੁਰਦੁਆਰਾ ਸੱਚਖੰਡ ਬੋਰਡ | = | 02462-234812 |
| ਸ੍ਰੀ ਗੁਰੂ ਰਾਮਦਾਸ ਜੀ ਯਾਤ੍ਰੀ ਨਿਵਾਸ | = | 02462-234901 |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਨ.ਆਰ.ਈ. ਯਾਤ੍ਰੀ ਨਿਵਾਸ | = | 02462-234902 |
| ਰਿਹਾਇਸ਼ ਗੁ: ਸੱਚਖੰਡ ਸਾਹਿਬ ਪਰਿਸਰ | = | 02462-234903 |
| ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਯਾਤ੍ਰੀ ਨਿਵਾਸ | = | 02462-313517 |

## –: ਫ੍ਰੀ–ਬੱਸ ਸੇਵਾ :–

ਰੇਲਵੇ ਸਟੇਸ਼ਨ ਤੋਂ ਸੱਚਖੰਡ ਐਕਸਪ੍ਰੈਸ ਟ੍ਰੇਨ ਰਾਹੀਂ ਆਉਣ ਵਾਲੀਆਂ ਸੰਗਤਾਂ ਲਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਏਅਰਪੋਰਟ ਨਾਂਦੇੜ ਤੋਂ ਆਉਣ ਵਾਲੀਆਂ ਸੰਗਤਾਂ ਲਈ ਤਖ਼ਤ ਸੱਚਖੰਡ ਸਾਹਿਬ ਸਰਾਵਾਂ ਤੀਕ ਫ੍ਰੀ–ਬੱਸ ਸੇਵਾ ਹੈ ਜੀ ਅਤੇ ਇਸੇ ਤਰ੍ਹਾਂ ਰੋਜਾਨਾ ਸਵੇਰੇ ੮.੩੦ ਵਜੇ ਸਰਾਵਾਂ ਤੋਂ ਰੇਲਵੇ ਸਟੇਸ਼ਨ ਲਈ ਫ੍ਰੀ–ਬੱਸ ਸੇਵਾ ਹੈ ਜੀ ।


Sri Satguru Jagjit Singh Ji eLibrary NamdhariElibrary@gmail.com

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਲਈ ਬੈਂਕ ਜਾਂ ATM ਰਾਹੀਂ ਸਿੱਧੇ ਮਾਇਆ ਭੇਜਣ ਬਾਰੇ ਸੂਚਨਾਂ

੧) ਦੇਸ਼ ਭਰ ਵਿਚੋਂ ਕਿਸੇ ਵੀ ਥਾਂ ਤੋਂ ਪੰਜਾਬ ਐਂਡ ਸਿੰਧ ਬੈਂਕ ਸ਼ਾਖਾ ਨਾਂਦੇੜ ਲਈ Current Account No. 01 ਜਾਂ Saving Account No. 85 ਵਿਚ ਸਿੱਧੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਲਈ ਮਾਇਆ ਜਮਾਂ ਕੀਤੀ ਜਾ ਸਕਦੀ ਹੈ। ਬੈਂਕ ਵਲੋਂ ਕਿਸੇ ਪ੍ਰਕਾਰ ਦਾ ਬੈਂਕ ਕਮਿਸ਼ਨ / ਚਾਰਜ ਨਹੀਂ ਲਿਆ ਜਾਂਦਾ।

੨) ਦੇਸ਼ ਭਰ ਦੇ ਪੰਜਾਬ ਨੈਸ਼ਨਲ ਬੈਂਕ ਦੀ ਕਿਸੇ ਵੀ ਸ਼ਾਖਾ ਵਿਚੋਂ Saving Account No. 0367000100002416 ਵਿਚ ਆਪਣੀ ਮਾਇਆ ਜਮਾਂ ਕਰਵਾ ਸਕਦੇ ਹੋ।

੩) ਦੇਸ਼ ਭਰ ਦੇ ਸਟੇਟ ਬੈਂਕ ਦੇ ਕਿਸੇ ਵੀ ATM ਰਾਹੀਂ ਗੁਰਦੁਆਰਾ Current Account No. 11265873563 ਵਿਚ ਮਾਇਆ ਜਮਾਂ ਕੀਤੀ ਜਾ ਸਕਦੀ ਹੈ।

੪) ਵਿਦੇਸ਼ ਵਿਚ ਕਿਸੇ ਸਥਾਨਕ ਸਟੇਟ ਬੈਂਕ ਆਫ ਇੰਡੀਆ ਦੇ ਸ਼ਾਖਾ ਤੋਂ Saving Account No. 11265876360 ਵਿਚ ਸਿੱਧੇ ਮਾਇਆ ਜਮਾਂ ਕੀਤੀ ਜਾ ਸਕਦੀ ਹੈ।

੫) ਇਸ ਤੋਂ ਇਲਾਵਾ AXIS (UTI) Bank ਵਲੋਂ On Line Donation ਭੇਜਣ ਦੀ ਸੁਵਿਧਾ ਦਿੱਤੀ ਗਈ ਹੈ। ਜਿਸ ਲਈ www.hazursahib.com. ਸਾਈਟ ਤੇ ਜਾ ਕੇ On Line ਮਾਇਆ ਭੇਜ ਸਕਦੇ ਹੋ।

## *ਵਿਸ਼ੇਸ਼ ਨੋਟ :*

- ਬੈਂਕ ਜਾਂ ATM ਰਾਹੀਂ ਮਾਇਆ ਜਮਾਂ ਕਰਵਾਉਣ ਤੋਂ ਬਾਅਦ ਬੈਂਕ/ਰਸੀਦ ਦੀ ਫੋਟੋ ਕਾਪੀ (ਭਿਰਾਕਸ) ਅਤੇ ਆਪਣਾ ਨਾਂ, ਪਤਾ, ਫੋਨ, ਮੋਬਾਇਲ ਨੰਬਰ ਆਦਿ ਜਾਣਕਾਰੀ ਸਹਿਤ ਪੱਤਰ ਤੁਰੰਤ ਭੇਜੋ ਜਾਂ ਫੈਕਸ ਨੰਬਰ 02462-234812 ਅਤੇ E-Mail:contact@hazursahib.com ਰਾਹੀਂ ਸਚਿਤ ਕਰੋ ਤਾਂ ਜੋ ਆਪ ਜੀ ਵਲੋਂ ਜਮਾਂ ਭੇਟਾ ਦੀ ਪੱਕੀ ਰਸੀਦ ਆਪ ਜੀ ਦੇ ਪੱਤੇ ਤੇ ਭੇਜੀ ਜਾ ਸਕੇ।
- ਬੈਂਕ ਡਰਾਫਟ, ਚੈਕ Superintendent, Gurdwara Sachkhand Board, Nanded(M.S) ਦੇ ਨਾਮ ਦਾ ਬਣਾ ਕੇ ਹੇਠ ਲਿਖੇ ਪਤੇ ਉਪਰ ਭੇਜ ਸਕਦੇ ਹੋ।
- ਚਿੱਠੀ ਪੱਤਰ ਲਈ ਪਤਾ ਅੰਗਰੇਜ਼ੀ ਵਿਚ ਅਤੇ ਕੈਪੀਟਲ ਅੱਖਰਾਂ ਵਿਚ ਹੀ ਲਿਖ ਕੇ ਭੇਜੋ ਜੀ।
- ਭੇਟਾ ਵਜੋਂ ਭੇਜੀ ਮਾਇਆ Income Tax U/S.80G ਤਹਿਤ ਟੈਕਸ ਮੁਕਤ ਹੈ।

## *ਵਧੇਰੇ ਜਾਣਕਾਰੀ ਲਈ ਸੰਪਰਕ ਪਤਾ :*

**Superintendent,**
**Gurdwara Takhat Sachkhand Sri Hazur**
**Abchal Nagar Sahib, Nanded-431601 (M.S.)-INDIA**
ਫੋਨ ਨੰ: 02462-243559, 241266, 244166, 234813, ਫੈਕਸ : 02462-234812

E-mail:- contact@hazursahib.com Visit us at:- http://www.hazursahib.com.


Sri Satguru Jagjit Singh Ji eLibrary NamdhariElibrary@gmail.com

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !



ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ





ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ

# ਦਿੱਲੀ ਤੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਗੋ-ਏਅਰ ਇਨ ਵੱਲੋਂ ਸਿੱਧੀ ਹਵਾਈ ਸੇਵਾ ਸ਼ੁਰੂ

ਗੁਰੂ ਪਿਆਰੀ ਸਾਧ ਸੰਗਤ ਜੀਓ,

*ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ ।।*

ਬੜੇ ਚਿਰਾਂ ਤੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੀ ਮੰਗ ਸੀ ਕਿ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨੂੰ ਦਿੱਲੀ-ਪੰਜਾਬ ਨਾਲ ਹਵਾਈ ਸੇਵਾ ਰਾਹੀਂ ਜੋੜਿਆ ਜਾਵੇ। ਆਪ ਜੀ ਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਸੰਗਤਾਂ ਦੀ ਇਹ ਚਿਰੋਕਣੀ ਮੰਗ ਹੁਣ ਮਾਨਯੋਗ ਡਾ. ਪਰਵਿੰਦਰ ਸਿੰਘ ਜੀ ਪਸਰੀਚਾ (ਸਾਬਕਾ ਡੀ.ਜੀ.ਪੀ. ਮਹਾਰਾਸ਼ਟਰ) ਪ੍ਰਸ਼ਾਸ਼ਕ ਗੁਰਦੁਆਰਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਸੁਹਿਰਦ ਯਤਨਾ ਸਦਕਾ ਪੂਰੀ ਹੋ ਗਈ ਹੈ । ਜਿਸ ਦਾ ਟਾਈਮ ਟੇਬਲ ਹੇਠ ਲਿਖੇ ਅਨੁਸਾਰ ਹੈ ।

| ਫਲਾਈਟ ਨੰਬਰ | ਰਵਾਨਗੀ ਸਮਾਂ | ਰੂਟ |
|---|---|---|
| G 8-212 | 06.00 | ਦਿੱਲੀ ਤੋਂ ਨਾਗਪੁਰ. |
| G 8-212 | 08.10 | ਨਾਗਪੁਰ ਤੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ. |
| G 8-212 | 09.05 | ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਮੁੰਬਈ. |
| G 8-302 | 19.35 | ਮੁੰਬਈ ਤੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ. |
| G 8-302 | 20.50 | ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਨਾਗਪੁਰ. |
| G 8-302 | 22.10 | ਨਾਗਪੁਰ ਤੋਂ ਦਿੱਲੀ. |

*( ਉਕਤ ਉਡਾਨਾਂ ਹਫਤੇ ਵਿੱਚ ਮੰਗਲਵਾਰ ਅਤੇ ਵੀਰਵਾਰ ਨੂੰ ਹੋਣਗੀਆਂ )*

**-ਵਧੇਰੇ ਜਾਣਕਾਰੀ ਲਈ-**

ਗੋ-ਏਅਰ ਇਨ ਦੇ ਫੋਨ ਨੰਬਰ 1800-222-111/09223-222-111 ਅਤੇ ਵੈਬਸਾਈਟ www.GoAir.in ਤੇ ਸੰਪਰਕ ਕੀਤਾ ਜਾ ਸਕਦਾ ਹੈ ।


Sri Satguru Jagjit Singh Ji eLibrary NamdhariElibrary@gmail.com

ੴ ਵਾਹਿਗੁਰੂ ਜੀ ਕੀ ਫਤਹਿ ।।

# ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ

ਸਮੂੰਹ ਸੰਗਤਾਂ ਦੇ ਗਿਆਤ ਲਈ ਦੱਸਿਆ ਜਾਂਦਾ ਹੈ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵੱਲੋਂ ਨਾਨਕ ਨਾਮ ਲੇਵਾ ਬਜ਼ੁਰਗਾਂ ਦੀ ਸਹੂਲਤ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ ਖੋਲ੍ਹਿਆ ਗਿਆ ਹੈ । ਦਾਖਲ ਹੋਣ ਵਾਲੇ ਬਿਰਧ ਦੀ ਉਮਰ 60 ਸਾਲ ਤੋਂ ਘੱਟ ਨਾ ਹੋਵੇ ਅਤੇ ਸਧਾਰਨ ਤੌਰ 'ਤੇ ਹਰ ਇੱਕ ਬਿਰਧ ਨਿਵਾਸੀ ਲਈ ਰਿਹਾਇਸ਼ ਅਤੇ ਲੰਗਰ ਪਾਣੀ ਆਦਿ ਹਿਤ ਇੱਕ ਮਹੀਨੇ ਦਾ ਖਰਚ 1000/- ਰੁਪੈ ਰੱਖਿਆ ਗਿਆ ਹੈ । ਇਸ ਤੋਂ ਇਲਾਵਾ 2000/- ਰੁਪੈ ਸਿਕਿਉਰਟੀ ਰੱਖੀ ਗਈ ਜੋ ਬਾਅਦ ਵਿੱਚ ਵਾਪਿਸ ਹੋ ਜਾਵੇਗੀ । ਫਿਰ ਵੀ, ਕਿਸੇ ਬੇਸਹਾਰਾ ਬਜ਼ੁਰਗ ਦੀ ਆਰਥਿਕ ਦਸ਼ਾ ਦੇਖਦੇ ਹੋਏ ਪ੍ਰਬੰਧਕਾਂ ਵੱਲੋਂ ਇਸ ਖਰਚੇ ਅਤੇ ਸਿਕਿਉਰਟੀ ਵਿੱਚ ਛੋਟ ਜਾਂ ਸਾਰੇ ਹੀ ਮਾਫ ਕੀਤੇ ਜਾ ਸਕਦੇ ਹਨ। ਬਿਰਧ ਆਸ਼ਰਮ ਦਾ ਅਸਲੀ ਮਕਸਦ ਲੋੜਵੰਦ ਬਜ਼ੁਰਗਾਂ ਦੀ ਸਹਾਇਤਾ ਕਰਨਾ ਹੈ । ਹਰ ਪ੍ਰਾਰਥੀ ਨੂੰ ਪਹਿਲਾਂ 6 (ਛੇ) ਮਹੀਨੇ ਰਹਿਣ ਦੀ ਆਗਿਆ ਹੋਵੇਗੀ, ਉਪਰੰਤ ਉਸ ਦੇ ਵਿਵਹਾਰ ਅਤੇ ਚਾਲ ਚਲਣ ਨੂੰ ਵੇਖਕੇ ਅੱਗੇ ਲਈ ਰਹਿਣ ਦੀ ਆਗਿਆ ਦਿਤੀ ਜਾਵੇਗੀ । ਸੰਗਤਾਂ ਲਾਭ ਉਠਾਉਣ ਜੀ । ਵਧੇਰੇ ਜਾਣਕਾਰੀ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ ਜੀ ।

**ਸੁਪਰਡੈਂਟ**

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ-431601 (ਮਹਾਰਾਸ਼ਟਰ)

---

## kind Attention-N.R.I. Sangat

The Sadh Sangat, specially the NRI-Sangat is hereby informed that we, on behalf of Gurdwara Takhat Sachkhand Sri Hazur Abchalnagar Sahib Nanded, have not sent any of our Employees, Officers, Gyani or any other Saint/Person to collect the donations for the Gurdwara Takhat Sachkhand Sri Hazur Abchalnagar Sahib, Nanded.

It is a request to the Sangat not to give their contributions to any such person who himself admits and shows any forged documents or photographs or Video Tapes/CDs to prove that he is being sent to collect the donations for the Gurdwara Takhat Sachkhand Sri Hazur Abchalnagar Sahib Board, Nanded.

Hence, I request the Sangat to send their Contributions/ Donations in favour of "*Superintendent Gurdwara Takhat Sachkhand Sri Hazur Abchalnagar Sahib, Nanded-431601 (M.S.) India*", by Cheque, Draft or M.O.


***Superintendent,***

*Gurdwara Takhat Sachkhand Sri Hazur*

*Abchalnagar Sahib , Nanded-431601 (M.S.) INDIA*

Ph.-(02462)-234813,243559,241266,244166. Fax No.-02462-234812.

**E-mail:- contact@hazursahib.com Visit us at:- http://www.hazursahib.com.**

# ਪਹਿਲਾ ਸਿੱਖ ਹੁਕਮਰਾਨ - ਬਾਬਾ ਬੰਦਾ ਸਿੰਘ ਬਹਾਦਰ

-ਪ੍ਰੋ. ਕਿਰਪਾਲ ਸਿੰਘ ਬਡੂੰਗਰ *

ਪੰਜਾਬ ਦੀ ਧਰਤੀ ਸਦੀਆਂ ਤੋਂ ਬਦੇਸ਼ੀ ਹਮਲਾਵਰਾਂ ਦੇ ਪੈਰਾਂ ਥੱਲੇ ਲਤਾੜੀ ਜਾਂਦੀ ਰਹੀ ਹੈ । ਇੱਥੋਂ ਦੇ ਲੋਕਾਂ ਨੂੰ ਰੋਜ਼ ਰੋਜ਼ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਧਾੜਵੀਆਂ ਦੇ ਹੱਥੋਂ ਅਪਮਾਨਿਤ ਹੋਣਾ ਪੈਂਦਾ ਸੀ । ਗੁਰੂ ਸਾਹਿਬਾਨ ਇੱਥੋਂ ਦੀ ਦੱਬੀ-ਕੁਚਲੀ ਸਾਹ-ਸਤਹੀਣ ਤੇ ਨਿਰਾਸ਼ਤਾ ਵਿੱਚ ਘਿਰੀ ਜਨਤਾ ਲਈ ਅਧਿਆਤਮਕ ਗਿਆਨ, ਉਦਮ, ਸੂਰਬੀਰਤਾ, ਆਤਮ ਸਨਮਾਨ, ਆਤਮ ਵਿਸ਼ਵਾਸ਼, ਜੂਝ-ਮਰਨ ਅਤੇ ਫਤਹਿ ਦੀ ਚੜ੍ਹਦੀ ਕਲਾ ਅਤੇ ਅਜਿੱਤ ਭਾਵਨਾ ਵਾਲੇ ਜੀਵਨ ਦਾ ਸੁਨੇਹਾ ਲੈ ਕੇ ਆਏ ਸਨ । ਉਨ੍ਹਾਂ ਨੇ ਆਪਣੇ ਮਹਾਨ ਅਮਲੀ ਅਤੇ ਅਗੰਮੀ ਜੀਵਨ, ਸੱਚੀ ਸੁੱਚੀ ਕਹਿਣੀ ਤੇ ਕਰਨੀ ਤੇ ਅੰਮ੍ਰਿਤ ਬਾਣੀ ਨਾਲ ਪੰਜਾਬ ਦੇ ਲੋਕਾਂ ਵਿੱਚ ਇੱਕ ਨਵੇਂ ਜੀਵਨ ਦਾ ਸੰਚਾਰ ਕਰ ਦਿੱਤਾ ਸੀ । ਗੁਰਮਤਿ ਦੇ ਆਦਰਸ਼ਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਤੇ ਸ਼ਕਤੀ ਦੇ ਧਾਰਨੀ, ਸੰਤ ਸਿਪਾਹੀ ਤਥਾ ਇੱਕ ਸੁਤੰਤਰ ਤੇ ਸੰਪੂਰਨ ਮਨੁੱਖ ਖਾਲਸਾ ਦੀ ਸਾਜਨਾ ਕੀਤੀ। ਖਾਲਸਾ ਪੰਥ ਦੀ ਸਾਜਨਾ ਨਾਲ ਪੰਜਾਬ ਦੇ ਦਰੜੇ ਹੋਏ ਲੋਕਾਂ ਦੇ ਚਿਹਰੇ ਤੇ ਇੱਕ ਜਲਾਲ ਚਮਕਣ ਲੱਗਾ। ਇੱਕ ਇੱਕ ਸਿੰਘ ਆਪਣੇ ਆਪ ਨੂੰ ਸਵਾ ਲੱਖ ਦੇ ਬਰਾਬਰ ਸਮਝਦਾ ਸੀ। ਮੁਗਲ ਹਕੂਮਤ ਅਤੇ ਸਥਾਨਿਕ ਰਜਵਾੜਿਆਂ ਨੇ ਇਸ ਨਵੀਂ ਪੈਦਾ ਹੋਈ ਰੋਸ਼ਨੀ ਨੂੰ ਖਤਮ ਕਰਨ ਦਾ ਯਤਨ ਕੀਤਾ ਕਿਉਂਕਿ ਉਹ ਆਪਣੇ ਆਪ ਨੂੰ ਜੀਵਨ ਵਿੱਚ ਪਾਈਆਂ ਢੇਰ ਕਮਜ਼ੋਰੀਆਂ ਕਾਰਨ ਇਨ੍ਹਾਂ ਨਵੇਂ ਸੱਜੇ ਸਿੰਘਾਂ- ਖਾਲਸਾ ਪੰਥ- ਦੇ ਸਾਹਮਣੇ ਬੌਣੇ ਮਹਿਸੂਸ ਕਰਨ ਲੱਗ ਪਏ ਸਨ । ਇਸ ਸੰਘਰਸ਼ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ, ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਅਨੇਕ ਸਿੰਘ, ਸਿੰਘਣੀਆਂ ਅਤੇ ਭੁਜੰਗੀ ਸ਼ਹੀਦ ਹੋ ਗਏ। ਥੋੜ੍ਹੀ ਗਿਣਤੀ ਵਿੱਚ ਹੋਣ 'ਤੇ ਵੀ ਚਮਕੌਰ ਦੀ ਗੜ੍ਹੀ ਅਤੇ ਮੁਕਤਸਰ ਦੇ ਸਥਾਨ 'ਤੇ ਸਿੰਘਾਂ ਨੇ ਮੁਗਲ ਫੌਜ ਦਾ ਮੂੰਹ ਮੋੜ ਜਵਾਬ ਦਿੱਤਾ ਸੀ। ਅਸਲ ਵਿੱਚ ਇਸ ਸੰਘਰਸ਼ ਦਾ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਉਂ ਸਪੱਸ਼ਟ ਕੀਤਾ ਸੀ: "ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥" (੧੪੧੨) ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਦ੍ਰਿੜ ਕਰਵਾਇਆ ਗਿਆ ਕਿ 'ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥ ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥" (੧੦੯੬) ਇਸ ਲੇਖ ਵਿੱਚ ਦੁਨੀਆਂ ਵਿੱਚ ਪਹਿਲੇ ਸਿੱਖ ਹੁਕਮਰਾਨ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਵਿਚਾਰ ਕਰ ਰਹੇ ਹਾਂ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੰਘ ਸਜਾਇਆ ਤੇ ਖਾਲਸੇ ਦਾ ਆਗੂ

*ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ (ਪੰਜਾਬ)



Sri Satguru Jagjit Singh Ji eLibrary NamdhariElibrary@gmail.com

ਬਾਪ ਕੇ ਜ਼ਾਲਮਾਂ ਦੀ ਸੋਧ ਕਰਨ ਹਿੱਤ ਪੰਜਾਬ ਵੱਲ ਤੋਰ ਦਿੱਤਾ । ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਖਾਲਸੇ ਨੇ ਪੰਜਾਬ ਵਿੱਚ ਇੱਕ ਅਜਿਹਾ ਸਿੰਘ-ਨਾਦ ਪੈਦਾ ਕੀਤਾ ਕਿ ਮੁਗਲ ਰਾਜ ਦੇ ਮਹਿਲ ਢਹਿ-ਢੇਰੀ ਹੋਣ ਲੱਗੇ । ਡਰਾਉਣੇ ਅਤੇ ਜ਼ਾਲਮ ਸੂਬੇਦਾਰ ਅਤੇ ਵੱਡੇ-ਵੱਡੇ ਫੌਜਦਾਰ ਖੁਦ ਡਰ ਨਾਲ ਕੰਬਣ ਲੱਗ ਪਏ। ਖਾਲਸੇ ਨੇ ਥੋੜ੍ਹੇ ਸਮੇਂ ਵਿੱਚ ਹੀ ਪੰਜਾਬ ਦੇ ਰਾਜ, ਸਮਾਜ ਤੇ ਅਰਥ- ਵਿਵਸਥਾ ਨੂੰ ਪਲਟ ਕੇ ਰੱਖ ਦਿੱਤਾ ।

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ੧੬ ਅਕਤੂਬਰ ੧੬੭੦ ਈ: ਨੂੰ ਪੁਣਛ ਜਿਲੇ ਦੇ ਇੱਕ ਛੋਟੇ ਜਿਹੇ ਪਿੰਡ ਰਾਜੌਰੀ ਵਿੱਚ ਹੋਇਆ । ਉਸਦੇ ਪਿਤਾ ਦਾ ਨਾਂ ਰਾਮਦੇਵ ਜੀ ਸੀ ਜੋਕਿ ਭਾਰਦਵਾਜ ਰਾਜਪੂਤ ਸੀ। ਉਹ ਇੱਕ ਸਾਧਾਰਨ ਕਿਸਾਨ ਸੀ । ਬੰਦਾ ਸਿੰਘ ਦਾ ਪਹਿਲਾ ਨਾਂ ਲਛਮਣ ਦੇਵ ਸੀ । ਉਸਨੂੰ ਸ਼ਿਕਾਰ ਖੇਡਣ ਦਾ ਬਹੁਤ ਸ਼ੌਕ ਸੀ । ਇੱਕ ਦਿਨ ਉਸਨੇ ਇੱਕ ਹਿਰਨੀ ਦਾ ਸ਼ਿਕਾਰ ਕੀਤਾ । ਹਿਰਨੀ ਦੇ ਪੇਟ ਵਿੱਚ ਦੋ ਬੱਚੇ ਸਨ । ਇਹ ਬੱਚੇ ਉਸ ਦੀਆਂ ਅੱਖਾਂ ਸਾਹਮਣੇ ਤੜਫ ਤੜਫ ਕੇ ਮਰ ਗਏ । ਲਛਮਣ ਦੇਵ ਨੂੰ ਇਸ ਘਟਨਾ ਨੇ ਝੰਜੋੜ ਕੇ ਰੱਖ ਦਿੱਤਾ । ਉਸਨੇ ਅੱਗੋਂ ਕਦੇ ਸ਼ਿਕਾਰ ਨਾ ਖੇਡਣ ਦੀ ਸਹੁੰ ਖਾਧੀ । ਹਿਰਨੀ ਦੀ ਹੱਤਿਆ ਦੇ ਪਸ਼ਚਾਤਾਪ ਕਾਰਨ ਉਸਦੇ ਮਨ ਵਿੱਚ ਉਦਾਸੀਨਤਾ ਦੀ ਭਾਵਨਾ ਜਾਗ ਉਠੀ । ਉਹ ਸਾਧੂਆਂ ਦੇ ਇੱਕ ਟੋਲੇ ਨਾਲ ਮਿਲ ਕੇ ਭਾਰਤ ਵਿੱਚ ਤੀਰਥਾਂ 'ਤੇ ਘੁੰਮਣ ਫਿਰਨ ਲੱਗਾ । ਕੁਝ ਚਿਰ ਬਾਅਦ ਨਾਸਿਕ ਵਿਖੇ ਪਹੁੰਚਣ 'ਤੇ ਉਸਦਾ ਮੇਲ ਇੱਕ ਜੋਗੀ ਔਗੜ ਨਾਥ ਨਾਲ ਹੋਇਆ । ਔਗੜ ਨਾਥ ਇੱਕ ਤਾਂਤਰਿਕ ਸੀ ਜੋ ਜੰਤਰ ਮੰਤਰ ਵਿੱਚ ਨਿਪੁੰਨ ਸੀ । ਲਛਮਣ ਦੇਵ ਉਸਦਾ ਚੇਲਾ ਬਣ ਗਿਆ ਅਤੇ ਉਸ ਕੋਲ ਹੀ ਰਹਿਣ ਲੱਗਾ । ਉਸ ਨੇ ਔਗੜ ਨਾਥ ਦੀ ਤਨੋਂ ਮਨੋਂ ਸੇਵਾ ਕੀਤੀ ਅਤੇ ਜੰਤਰ ਮੰਤਰ ਵਿਦਿਆ ਦਾ ਪੂਰਾ ਗਿਆਨ ਹਾਸਲ ਕਰ ਲਿਆ । ਔਗੜ ਨਾਥ ਨੇ ਆਪਣਾ ਗ੍ਰੰਥ "ਸਿਧ ਅਨੂਨੀਆ" ਵੀ ਲਛਮਣ ਦੇਵ ਦੇ ਹਵਾਲੇ ਕਰ ਦਿੱਤਾ । ਲਛਮਣ ਦੇਵ ਨੇ ਤਾਂਤਰਿਕ ਵਿਦਿਆ ਵਿੱਚ ਨਿਪੁੰਨ ਹੋ ਕੇ ਆਪਣਾ ਸੁਤੰਤਰ ਡੇਰਾ ਗੋਦਾਵਰੀ ਦੇ ਕੰਢੇ ਨਾਂਦੇੜ ਦੇ ਸਥਾਨ 'ਤੇ ਬਣਾ ਲਿਆ । ਉਸ ਇਲਾਕੇ ਦੇ ਲੋਕਾਂ ਵਿੱਚ ਉਸਦੀ ਬੜੀ ਪ੍ਰਸਿੱਧੀ ਹੋ ਗਈ । ਲੋਕ ਉਸ ਕੋਲ ਆਪਣੀਆਂ ਦੁਖ-ਤਕਲੀਫਾਂ ਤੇ ਕਾਰਜਸਿੱਧੀ ਲਈ ਆਉਂਦੇ ਸਨ । ਲਛਮਣ ਦੇਵ ਦਾ ਨਾਂ ਸਾਧੂਆਂ ਵਿੱਚ ਮਾਧੋਦਾਸ ਬੈਰਾਗੀ ਵੀ ਪ੍ਰਸਿੱਧ ਰਿਹਾ ।

ਆਪਣੀ ਦੱਖਣ ਯਾਤਰਾ ਸਮੇਂ ਦਸਮੇਸ਼ ਗੁਰੂ ਜੀ ੧੭੦੮ ਈ: ਵਿੱਚ ਨਾਂਦੇੜ ਪਹੁੰਚੇ । ਗੁਰੂ ਜੀ ਨੂੰ ਮਾਧੋਦਾਸ ਦੀ ਪ੍ਰਸਿਧੀ ਦੀ ਜਾਣਕਾਰੀ ਮਿਲ ਚੁੱਕੀ ਸੀ। ਇੱਕ ਦਿਨ ਉਹ ਸਿੰਘਾਂ ਸਮੇਤ ਮਾਧੋਦਾਸ ਦੇ ਡੇਰੇ ਜਾ ਬਿਰਾਜਮਾਨ ਹੋਏ । ਮਾਧੋਦਾਸ ਸਤਿਗੁਰਾਂ ਨੂੰ ਆਪਣੇ ਆਸਣ ਉਤੇ ਬਿਰਾਜਮਾਨ ਵੇਖਕੇ ਅਤਿ ਕ੍ਰੋਧਵਾਨ ਹੋਇਆ ਪ੍ਰੰਤੂ ਉਸ ਦੇ ਸਾਰੇ ਜੰਤਰ ਤੰਤਰ ਫੇਲ੍ਹ ਹੋ ਗਏ। ਮਾਧੋਦਾਸ ਗੁਰੂ ਜੀ ਦੀ ਅਗੰਮੀ ਸਖਸ਼ੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ । ਉਸਦੇ ਮਨ ਵਿੱਚ ਪੂਰਨ ਬ੍ਰਹਮ ਗਿਆਨ ਦੀ ਅਭਿਲਾਖਾ ਸੀ । ਇਸਦੀ ਪੂਰਤੀ ਲਈ ਉਹ ਗੁਰੂ ਜੀ ਦਾ ਬੰਦਾ, ਉਨ੍ਹਾਂ ਦਾ ਸੇਵਕ ਬਣ ਗਿਆ । ਗੁਰੂ ਜੀ ਨੇ ਉਸਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਉਸ ਦਾ ਨਵਾਂ ਨਾਂ ਗੁਰਬਖਸ਼ ਸਿੰਘ ਤਥਾ ਬੰਦਾ ਸਿੰਘ ਬਹਾਦਰ ਰੱਖ ਦਿੱਤਾ । ਬੰਦਾ ਸਿੰਘ ਇੱਕ ਤਪੱਸਵੀ ਸੀ,


Sri Satguru Jagjit Singh Ji eLibrary NamdhariElibrary@gmail.com

ਉਸਦਾ ਹਿਰਦਾ ਸ਼ੁੱਧ ਸੀ । ਗੁਰੂ ਜੀ ਦਾ ਪ੍ਰਤੱਖ ਰੂਪ ਵਿੱਚ ਆਸ਼ੀਰਵਾਦ ਅਤੇ ਚਰਨ ਛੋਹ ਪ੍ਰਾਪਤ ਕਰਕੇ ਉਸਨੇ ਥੋੜ੍ਹੇ ਦਿਨਾਂ ਵਿੱਚ ਹੀ ਗੁਰਮਤਿ ਦਾ ਗਿਆਨ ਤੇ ਖਾਲਸੇ ਦੀ ਰਹਿਤ ਦ੍ਰਿੜ ਕਰ ਲਈ ਸੀ । ਉਸ ਨੇ ਜੰਤਰ ਮੰਤਰ ਤਿਆਗ ਕੇ ਧੁਰ ਕੀ ਬਾਣੀ ਨੂੰ ਆਪਣੇ ਹਿਰਦੇ ਵਿੱਚ ਵਸਾ ਲਿਆ ਸੀ । ਉਹ ਇਸ ਤਰ੍ਹਾਂ ਪੂਰਨ ਗੁਰਸਿੱਖ ਤੇ ਗੁਰੂ ਘਰ ਦਾ ਪੱਕਾ ਸੇਵਕ ਬਣ ਚੁੱਕਾ ਸੀ । ਗੁਰੂ ਜੀ ਨੇ ਉਸਦਾ ਨਿਸ਼ਚਾ, ਦ੍ਰਿੜ੍ਹਤਾ ਅਤੇ ਯੋਗਤਾ ਵੇਖ ਕੇ ਉਸਨੂੰ ਖਾਲਸੇ ਦਾ ਆਗੂ ਥਾਪਿਆ ।

ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇੱਕ ਉੱਤਮ ਦਰਜੇ ਦਾ ਸਿੱਖ ਜੋਧਾ ਤੇ ਪਹਿਲਾ ਸਿੱਖ ਹੁਕਮਰਾਨ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਨੁਸਾਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿੱਚ ਜੋ ਇਨਕਲਾਬ ਲਿਆਂਦਾ, ਉਹ ਇੱਕ ਹੈਰਾਨੀਕੁੰਨ ਇਤਿਹਾਸਕ ਹਕੀਕਤ ਹੈ ਜੋ ਲਾ-ਮਿਸਾਲ ਹੈ । ਬਾਬਾ ਬੰਦਾ ਸਿੰਘ ਬਹਾਦਰ ਜਦ ੧੭੦੮ ਈ: ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈਣ ਉਪਰੰਤ ਪੰਜਾਬ ਨੂੰ ਤੁਰਿਆ ਤਾਂ ਉਨ੍ਹਾਂ ਦੇ ਸਾਹਮਣੇ ਮੁੱਖ ਉਦੇਸ਼ ਜ਼ਾਲਮ ਮੁਗਲਾਂ ਦੇ ਜ਼ੁਲਮ ਅਤੇ ਮੁਗਲ ਰਾਜ ਦੀ ਸਮਾਪਤੀ ਤੇ ਪੰਜਾਬ ਦੀ ਉਸ ਸੁਤੰਤਰਤਾ ਨੂੰ ਬਹਾਲ ਕਰਨਾ ਸੀ, ਜੋ ਸੱਤ ਸੌ ਸਾਲ ਪਹਿਲਾਂ ਗਜ਼ਨੀ ਦੇ ਤੁਰਕਾਂ ਨੇ ਮਹਿਮੂਦ ਗਜ਼ਨਵੀ ਦੀ ਅਗਵਾਈ ਵਿੱਚ ਪੰਜਾਬ ਦੇ ਲੋਕਾਂ ਤੋਂ ਖੋਹੀ ਸੀ ਅਤੇ ਆਪਣੇ ਘੋੜਿਆਂ ਦੇ ਸੁੰਮਾਂ ਹੇਠ ਦਰੜੀ ਸੀ ।

ਕੁਰਬਾਨੀ ਉਹ ਮਹਾਨ ਹੁੰਦੀ ਹੈ ਜਿਸ ਦੇ ਪਿੱਛੇ ਉਦੇਸ਼ ਮਹਾਨ ਹੋਵੇ, ਸੰਘਰਸ਼ ਉਹ ਮਹਾਨ ਹੁੰਦਾ ਜੋ ਕਿਸੇ ਉਦੇਸ਼ ਦੀ ਪੂਰਤੀ ਲਈ ਹੋਵੇ । ਨਿਆਂਸ਼ੀਲ ਹੋਣਾ ਗੁਰੂ ਦੇ ਸਿੱਖ ਦਾ ਮੂਲ ਆਸ਼ਾ ਹੈ, ਇਸ ਲਈ ਜਿਥੇ ਕਿਤੇ ਵੀ ਉਹ ਜ਼ਬਰ, ਜ਼ੁਲਮ, ਅੱਤਿਆਚਾਰ, ਬੇਇਨਸਾਫੀ ਜਾਂ ਧੱਕੇਸ਼ਾਹੀ ਹੁੰਦੀ ਦੇਖਦਾ ਹੈ, ਉਸ ਦਾ ਵਿਰੋਧ ਕਰਨਾ ਉਹ ਆਪਣਾ ਪਰਮ ਕਰਤੱਵ ਸਮਝਦਾ ਹੈ। ਨਤੀਜੇ ਵਜੋਂ ਸ਼ਹੀਦੀ ਵੀ ਦੇਣੀ ਪੈ ਸਕਦੀ ਹੈ । ਸਿੱਖ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਜਦ ਬਾਬਾ ਜੀ ਪੰਜਾਬ ਆਏ ਤਾਂ ਉਨ੍ਹਾਂ ਕੋਲ ਗੁਰੂ ਜੀ ਵੱਲੋਂ ਬਖਸ਼ੇ ਪੰਜ ਤੀਰ, ਖੰਡਾ ਤੇ ਨਗਾਰਾ ਸੀ, ਪੰਥ ਪ੍ਰਕਾਸ਼ ਅਨੁਸਾਰ :-

ਬੰਦੇ ਗੁਰ ਖੰਡਾ ਦਯੋ,<br>
ਲਯੋ ਉਨੈਂ ਗਲ ਪਾਇ ॥<br>
ਖਾਲਸੇ ਦੇਖ ਸੁ ਵਿਟਰਿਓ,<br>
ਤਿਨ ਖੰਡੋ ਲਯੋ ਛਿਨਾਇ ॥ (ਪੰਥ ਪ੍ਰਕਾਸ਼)

ਸਲਾਹ-ਮਸ਼ਵਰਾ ਕਰਨ ਲਈ ਗੁਰੂ ਸਾਹਿਬ ਨੇ ਪੰਜ ਪਿਆਰੇ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਤੋਰੇ । ਇਨ੍ਹਾਂ ਤੋਂ ਇਲਾਵਾ ੨੦ ਸਿੰਘ ਹੋਰ ਸੰਭਾਵੀ ਸੰਘਰਸ਼ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ ਲਈ ਨਾਲ ਭੇਜੇ । ਇਨ੍ਹਾਂ ਸਿੰਘਾਂ ਦੇ ਕਾਫਲੇ ਨੇ ਪੰਜਾਬ ਵੱਲ ਕੂਚ ਕੀਤਾ । ਦਿੱਲੀ ਪਾਰ ਕਰਦਿਆਂ ਹੀ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ । ਹੁਕਮ ਦਾ ਪਾਲਣ ਕਰਦਿਆਂ ਸਿੱਖ ਸੰਗਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੁਆਗਤ ਲਈ ਅੱਗੇ ਆ ਗਈਆਂ । ਗੁਰੂ ਸਾਹਿਬ ਦੇ ਪਰਿਵਾਰ ਦੀਆਂ ਸ਼ਹੀਦੀਆਂ ਦੇ ਜ਼ਖਮ ਸਿੱਖ ਸੰਗਤਾਂ ਵਿੱਚ ਅਜੇ ਤਾਜ਼ਾ ਸਨ "ਜਬੈ ਬਾਣ ਲਾਗਿਓ ਤਬੈ ਰੋਸ


Sri Satguru Jagjit Singh Ji eLibrary NamdhariElibrary@gmail.com

ਜਾਗਿਓ'' ਦੀ ਭਾਵਨਾ ਅਨੁਸਾਰ ਸਿੱਖ, ਸਾਹਿਬਜ਼ਾਦਿਆਂ ਅਤੇ ਹੋਰ ਅਨੇਕ ਸ਼ਹੀਦ ਸਿੰਘਾਂ ਦੀਆਂ ਸ਼ਹੀਦੀਆਂ ਦਾ ਬਦਲਾ ਲੈਣ ਲਈ ਕਚੀਚੀਆਂ ਵੱਟ ਰਹੇ ਸਨ । ਬੱਸ ਉਨ੍ਹਾਂ ਨੂੰ ਯੋਗ ਅਗਵਾਈ ਦੀ ਲੋੜ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਨੇ ਪੂਰੀ ਕਰ ਦਿੱਤੀ । ਇਸ ਲਈ ਉਹ ਕੁਝ ਸਮੇਂ ਦੇ ਅੰਦਰ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਕੇਸਰੀ-ਖਾਲਸਾਈ ਝੰਡੇ ਥੱਲੇ ਇਕੱਠੇ ਹੋ ਗਏ । ਉਨ੍ਹਾਂ ਨੇ ਰਣ-ਭੂਮੀ ਵਿੱਚ ਆਪਣਾ ਨਾਹਰਾ 'ਰਾਜ ਕਰੇਗਾ ਖਾਲਸਾ' ਨਿਸ਼ਚਿਤ ਕਰ ਦਿੱਤਾ ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਨੂੰ ਤੁਰੇ ਤਾਂ ਉਨ੍ਹਾਂ ਕੋਲ ੨੫ ਸਿੰਘਾਂ ਤੋਂ ਇਲਾਵਾ ਕੋਈ ਫੌਜ ਨਹੀਂ ਸੀ । ਕੋਈ ਜੰਗੀ ਸਾਜ਼ੋ-ਸਾਮਾਨ, ਗੋਲੀ, ਬਾਰੂਦ ਆਦਿ ਨਹੀਂ ਸੀ । ਕੋਈ ਸਿਖਿਅਤ ਫੌਜ ਨਹੀਂ ਸੀ । ਮੁਸਲਮਾਨ ਲਿਖਾਰੀ ਖਾਫੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ ੪੦੦੦ ਘੋੜ ਸਵਾਰ ਤੇ ੭੮੦੦ ਸਿਪਾਹੀ ਪੈਦਲ ਉਸ ਨਾਲ ਆ ਰਲੇ । ਮਸ਼ਹੂਰ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ ੮੯੦੦ ਹੋ ਗਈ ਤੇ ਵਧਦੀ ਹੋਈ ਅੰਤ ੪੦,੦੦੦ ਤੱਕ ਪਹੁੰਚ ਗਈ । ਮਹਾਨ ਜਰਨੈਲਾਂ ਸਿਕੰਦਰ ਮਹਾਨ, ਨੈਪੋਲੀਅਨ ਬੋਨਾਪਾਰਟ, ਹਿਟਲਰ ਜਾਂ ਚਰਚਿਲ ਦੀ ਮਹਾਨਤਾ ਦੁਨੀਆਂ ਵਿੱਚ ਮੰਨੀ ਜਾਂਦੀ ਹੈ, ਪ੍ਰੰਤੂ ਇਨ੍ਹਾਂ ਯਤਨਾਂ ਦੇ ਪਿੱਛੇ ਉਨ੍ਹਾਂ ਦੇ ਮੁਲਕਾਂ ਦੀ ਮੁਕੰਮਲ ਜਨ-ਸ਼ਕਤੀ ਤੇ ਰਾਜ-ਸ਼ਕਤੀ ਸੀ, ਵੱਡੀਆਂ ਜੰਗਜੂ ਅਤੇ ਯੁੱਧ ਵਿਦਿਆ ਵਿੱਚ ਪੂਰੀ ਤਰ੍ਹਾਂ ਨਿਪੁੰਨ ਫੌਜ ਸੀ ਅਤੇ ਉਹ ਉਨ੍ਹਾਂ ਮੁਲਕਾਂ ਦੇ ਬਾਦਸ਼ਾਹ ਜਾਂ ਮੰਨੇ ਹੋਏ ਰਾਜਨੀਤਕ ਨੇਤਾ ਵੀ ਸਨ, ਪ੍ਰੰਤੂ ਬਾਬਾ ਬੰਦਾ ਸਿੰਘ ਬਹਾਦਰ ਦੀ ਮਹਾਨਤਾ ਇਹ ਹੈ ਕਿ ਸਤਿਗੁਰੂ ਦੀ ਕਿਰਪਾ ਦੁਆਰਾ ਉਨ੍ਹਾਂ ਨੇ ਸਭ ਕੁਝ ਨਾਲੋਂ-ਨਾਲ ਕੀਤਾ । ਫੌਜੀ ਸੰਗਠਨ, ਸੰਘਰਸ਼ ਅਤੇ ਜਿੱਤਾਂ ਨਾਲੋਂ-ਨਾਲ ਚਲਦੀਆਂ ਰਹੀਆਂ ।

ਬਾਬਾ ਬੰਦਾ ਸਿੰਘ ਦੀ ਫੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇੱਕ ਪਲੇਟਫਾਰਮ ਉਤੇ ਇਕੱਠੇ ਕਰਨਾ ਸੀ । ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਫੌਜ ਵਿੱਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਮੁਗਲਾਂ ਵਿਰੁੱਧ ਲੜਨ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ। ਈਰਾਨ, ਇਰਾਕ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਨਾਲ ਆ ਰਲੇ । ਉਦਾਸੀ ਸੰਪ੍ਰਦਾ ਦੇ ਲੋਕ ਵੀ ਪ੍ਰਵੇਸ਼ ਕਰ ਚੁੱਕੇ ਸਨ । ਪੰਜਾਬ ਵਿੱਚ ਆਕੇ ਇਹ ਅੰਮ੍ਰਿਤ ਛਕ ਕੇ ਬਾਬਾ ਬੰਦਾ ਸਿੰਘ ਦੀ ਫੌਜ ਵਿੱਚ ਸ਼ਾਮਿਲ ਹੋ ਗਏ ।

ਇਨ੍ਹਾਂ ਤੋਂ ਇਲਾਵਾ ਗੁਰੂ ਆਸ਼ੇ ਅਤੇ ਜੁਗਤ ਅਨੁਸਾਰ ਬਾਬਾ ਜੀ ਨੇ ਅਖੌਤੀ ਪੱਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਨੂੰ ਵੀ ਨਾਲ ਰੱਖਿਆ । ਉਨ੍ਹਾਂ ਨੇ ਪ੍ਰਤੀਤ ਕਰ ਲਿਆ ਸੀ ਕਿ ਅੰਮ੍ਰਿਤ ਛਕਣ ਦੇ ਬਾਅਦ ਜਾਤ-ਪਾਤ ਦਾ ਭੇਦ-ਭਾਵ ਮਿਟ ਜਾਂਦਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਨ੍ਹਾਂ ਦੁਰਬਲ ਤੇ ਨਿਤਾਣੇ ਹੋਏ ਲੋਕਾਂ ਅੰਦਰ ਸਾਹਸ ਪੈਦਾ ਕਰਕੇ ਆਪਣੇ ਨਾਲ ਰਲਾਉਣ ਨਾਲ ਅੰਦੋਲਨ ਦੁਰਬਲ ਹੋਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਮੁਹੰਮਦ ਕਾਸਮ


Sri Satguru Jagjit Singh Ji eLibrary NamdhariElibrary@gmail.com

ਲਾਹੌਰੀ ਦੀ ਲਿਖਤ 'ਇਬਰਤਨਾਮਾ' (ਰਚਿਤ ੧੭੨੨ ਈ:) ਅਨੁਸਾਰ "ਸਿੱਖਾਂ ਤੇ ਮੁਗ਼ਲਾਂ ਵਿਚਕਾਰ ਘੋਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਸ਼ੁਰੂ ਹੋਇਆ ਤੇ ਇਸ ਨੂੰ ਸ਼ੁਰੂ ਕਰਨ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਸਨ।" ਇਸ ਪ੍ਰਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿੱਚ ਪਹਿਲੀ ਵਾਰ ਸਰਗਰਮ ਧਮਾਕਾ ਛੱਡਿਆ । ਇਸ ਧਮਾਕੇ ਨੂੰ 'ਅਜ਼ਲ ਬਲਾ' ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਅਜਿਹੀ ਹਲਚਲ ਮਚਾਈ ਕਿ ਮੁਗਲਾਂ ਨੂੰ ਵਿਸ਼ਵਾਸ ਨਹੀਂ ਆ ਰਿਹਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ ।

ਖਰਚਾ ਚਲਾਉਣ ਅਤੇ ਧਨ ਦੀ ਪੂਰਤੀ ਲਈ ਉਸ ਨੇ ਉੱਘੇ ਵਪਾਰੀਆਂ ਨੂੰ ਵੰਗਾਰਿਆ । ਸਭ ਨੇ ਖੁੱਲ੍ਹ ਕੇ ਮਦਦ ਕੀਤੀ। ਆਰਥਿਕ ਲੋੜਾਂ ਦੀ ਪੂਰਤੀ ਹੁੰਦਿਆਂ ਹੀ ਉਨ੍ਹਾਂ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ ਤੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ । ੧੧ ਨਵੰਬਰ ੧੭੦੯ ਈ: ਨੂੰ ਸਮਾਣਾ 'ਤੇ ਜਿੱਤ ਪ੍ਰਾਪਤ ਕੀਤੀ । ਇਸ ਤੋਂ ਬਾਅਦ ਸੋਨੀਪਤ, ਕੈਥਲ, ਘੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੋਰਾ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ । ਉਨ੍ਹੀਂ ਦਿਨੀਂ ਇਹ ਸ਼ਹਿਰ ਮੁਗਲ ਰਾਜ ਦੇ ਗੜ੍ਹ ਮੰਨੇ ਜਾਂਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਬਾਰੇ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬਗਾਵਤ ਕਰ ਦਿੱਤੀ, ਕਿਉਂਕਿ ਸਿੱਖਾਂ ਦੇ ਹੌਂਸਲੇ ਬਹੁਤ ਬੁਲੰਦ ਹੋ ਚੁੱਕੇ ਸਨ । ਉਹ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ । ਹੁਣ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ ।

ਆਖਰ ਉਹ ਘੜੀ ਆ ਗਈ ਜਿਸ ਦਾ ਉਹ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ । ਸੂਬੇਦਾਰ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ । (ਚੱਪੜਚਿੜੀ, ਸਰਹੰਦ ਤੋਂ ੧੨ ਕੋਹ ਦੀ ਵਿੱਥ 'ਤੇ ਖਰੜ-ਲਾਂਡਰਾ ਸੜਕ 'ਤੇ ਸਥਿਤ ਹੈ) ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਸਿੱਖਾਂ ਦੇ ਤੂਫਾਨ ਨੂੰ ਰੋਕਣ ਲਈ ਅੱਗੇ ਵਧੀਆਂ । ਸਿੰਘਾਂ ਨੇ ਸਰਹਿੰਦ 'ਤੇ ਹਮਲੇ ਲਈ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਕੀਤੀਆਂ ਹੋਈਆਂ ਸਨ । ੧੨ ਮਈ, ੧੭੧੦ ਈ. ਨੂੰ ਚੱਪੜਚਿੜੀ ਦੇ ਮੈਦਾਨ ਵਿਚ ਖੂਨ-ਡੋਲ੍ਹਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿੱਚ ਵਜ਼ੀਰ ਖਾਂ ਮਾਰਿਆ ਗਿਆ । ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ ।

ਅਗਲੇ ਦਿਨ ਸਿੱਖ ਫੌਜਾਂ ੧੩ ਮਈ ੧੭੧੦ ਈ: ਨੂੰ ਸਰਹੰਦ ਵਿੱਚ ਦਾਖਲ ਹੋਈਆਂ । ਦੇਖਦੇ ਹੀ ਦੇਖਦੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹੰਦ ਦਾ ਕਿਲ੍ਹਾ ਖੰਡਰ ਵਿੱਚ ਤਬਦੀਲ ਕਰ ਦਿੱਤਾ । ਸ਼ਾਹੀ ਅਮੀਰਾਂ ਤੋਂ ਧਨ ਵਸੂਲਿਆ ਗਿਆ ਅਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਸਜ਼ਾਵਾਂ ਦਿੱਤੀਆਂ । ਵਜ਼ੀਰ ਖਾਂ ਦੇ ਮਹੱਲਾਂ ਵਿੱਚੋਂ ਬਹੁਤ ਸਾਰਾ ਧਨ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਲੱਗਾ । ਅਗਲੇ ਦਿਨ ੧੪ ਮਈ, ੧੭੧੦ ਈ: ਨੂੰ ਇੱਕ ਵਿਸ਼ਾਲ ਲੋਕ ਦਰਬਾਰ ਲਾਇਆ ਗਿਆ ਜਿਸ ਵਿੱਚ ਸਥਾਨਕ ਲੋਕਾਂ ਨੂੰ ਉਹਨਾਂ ਦੇ ਜਾਨ, ਮਾਲ, ਧਰਮ, ਧਾਰਮਿਕ ਅਸਥਾਨਾਂ


Sri Satguru Jagjit Singh Ji eLibrary NamdhariElibrary@gmail.com

ਦੀ ਮੁਕੰਮਲ ਸੁਰੱਖਿਆ ਦਾ ਭਰੋਸਾ ਦਿਵਾਇਆ ਗਿਆ । ਜਗੀਰਦਾਰੀ ਸਿਸਟਮ ਖਤਮ ਕਰਕੇ ਵਾਹੀਕਾਰਾਂ ਨੂੰ ਉਨ੍ਹਾਂ ਵੱਲੋਂ ਵਾਹੀ ਜਾ ਰਹੀ ਜ਼ਮੀਨ ਦੇ ਮਾਲਕ ਬਣਾ ਦਿੱਤਾ ਗਿਆ । ਇਸ ਤਰ੍ਹਾਂ ਹੁਣ ਗੁਰੂ ਆਸ਼ੇ ਅਨੁਸਾਰ ਉਹਨਾਂ ਅਖੌਤੀ ਦਲਿਤਾਂ, ਪੱਛੜੀਆਂ ਸ਼੍ਰੇਣੀਆਂ, ਕ੍ਰਿਤੀਆਂ ਅਤੇ ਗਰੀਬਾਂ ਨੂੰ ਸਰਦਾਰੀ, ਜ਼ਿਮੀਦਾਰੀ, ਧਰਮ, ਧਾਰਮਿਕਤਾ, ਸ਼ਾਸਤਰ, ਸ਼ਸਤਰ ਅਤੇ ਰਾਜ ਭਾਗ ਦੇ ਮਾਲਕ ਬਣਾ ਦਿੱਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਅਰੰਭੇ ਮੁਕੰਮਲ ਇਨਕਲਾਬ ਦਾ ੩੦ ਮਾਰਚ ੧੬੯੯ ਨੂੰ ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਇਹ ਦੂਸਰਾ ਕ੍ਰਿਸ਼ਮਾ ਸੀ । ਕਰਾਮਾਤ ਸੀ। ਫੈਸਲੇ ਅਨੁਸਾਰ ਰਾਜ ਪ੍ਰਬੰਧ ਨੂੰ ਸਹੀ ਰੂਪ ਵਿੱਚ ਚਲਾਉਣ ਲਈ ਬਾਬਾ ਬਾਜ ਸਿੰਘ ਨੂੰ ਸਰਹੰਦ ਦਾ ਗਵਰਨਰ ਥਾਪਿਆ ਗਿਆ । ਸਮਾਣੇ ਦਾ ਗਵਰਨਰ ਸ੍ਰ: ਫਤਹਿ ਸਿੰਘ ਨੂੰ ਨਿਯੁਕਤ ਕਰ ਦਿੱਤਾ ਗਿਆ ।

ਸਰਹੰਦ 'ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਮਲੇਰਕੋਟਲੇ ਵੱਲ ਵਧਿਆ । ਨਵਾਬ ਵੱਲੋਂ ਬਾਬਾ ਜੀ ਦਾ ਮੁਕਾਬਲਾ ਨਾ ਕਰਨ ਅਤੇ ਅਧੀਨਗੀ ਮੰਨ ਲੈਣ ਕਾਰਨ ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ । ਬਾਬਾ ਜੀ ਨੇ ਬੀਬੀ ਅਨੂਪ ਕੌਰ, ਜੋ ਨਵਾਬ ਮਲੇਰਕੋਟਲਾ ਦੇ ਜ਼ੁਲਮ ਦਾ ਸ਼ਿਕਾਰ ਹੋਣ ਕਾਰਨ ਸ਼ਹੀਦ ਹੋ ਗਈ ਸੀ, ਦੀ ਲਾਸ਼ ਬਰਾਮਦ ਕਰਕੇ ਉਸ ਦਾ ਸਿੱਖ ਰਹਿਤ ਮਰਯਾਦਾ ਅਨੁਸਾਰ ਆਪਣੇ ਹੱਥੀਂ ਸਸਕਾਰ ਕੀਤਾ । ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਬਜਾਏ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਆਪਣੀਆਂ ਅਗਲੀਆਂ ਮੁਹਿੰਮਾਂ ਦਾ ਆਧਾਰ ਕੇਂਦਰ ਬਣਾਇਆ । ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹ ਜਹਾਨ ਦੀ ਆਗਿਆ ਅਨੁਸਾਰ ਉਸ ਦੇ ਜਰਨੈਲ ਮੁਖਲਿਸ ਖਾਨ ਨੇ ਬਣਵਾਇਆ ਸੀ । ਜਿਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਕਿਲ੍ਹੇ ਉਤੇ ਕਬਜ਼ਾ ਕੀਤਾ ਤਾਂ ਇਹ ਬੜੀ ਟੁੱਟੀ-ਭੱਜੀ ਹਾਲਤ ਵਿੱਚ ਸੀ, ਛੇਤੀ ਹੀ ਇਸ ਦੀ ਮੁਰੰਮਤ ਕੀਤੀ ਤੇ ਇਸ ਦਾ ਨਾਂ ਲੋਹਗੜ੍ਹ ਰੱਖਿਆ ਗਿਆ । ਸਰਹੰਦ ਦਾ ਖ਼ਜ਼ਾਨਾ, ਸਾਰੀਆਂ ਮੁਹਿੰਮਾਂ ਵਿੱਚ ਪ੍ਰਾਪਤ ਹੋਇਆ ਮਾਲ-ਅਸਬਾਬ ਤੇ ਜੰਗੀ-ਸਾਮਾਨ ਅਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ । ਅਸਲੀ ਅਰਥਾਂ ਵਿੱਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ । ਫੌਜੀ ਨਜ਼ਰੀਏ ਤੋਂ ਇਸ ਜਗ੍ਹਾ ਦੀ ਚੋਣ ਕਾਫੀ ਬੁੱਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗਾਂ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲੱਗਣ ਕਰਕੇ ਕਾਫੀ ਸੁਰੱਖਿਅਤ ਸੀ। ਬਾਬਾ ਬੰਦਾ ਸਿੰਘ ਬਹਾਦਰ ਹੁਣ ਇੱਕ ਬੇਤਾਜ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫੌਜ ਭੀ ਹੋ ਗਈ ਸੀ । ਰਾਜ-ਕਾਜ ਲਈ ਰਾਜਧਾਨੀ ਖਰਚੇ ਲਈ ਧਨ, ਜੰਗ ਲਈ ਹਥਿਆਰ ਅਤੇ ਰਹਿਣ ਲਈ ਮਹਿਲ ਭੀ ।

ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਵੀ ਜਾਰੀ ਕਰ ਦਿੱਤਾ, ਜਿਸ 'ਤੇ ਫਾਰਸੀ ਦੇ ਹੇਠ ਲਿਖੇ ਸ਼ਬਦ ਉਕਰੇ ਹੋਏ ਸਨ :

ਸਿੱਕਾ ਜਦ ਬਰ ਹਰ ਦੋ ਆਲਮ
ਤੇਗਿ ਨਾਨਕ ਵਾਹਿਬ ਅਸਤ ॥
ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ
ਫਜ਼ਲਿ ਸੱਚਾ ਸਾਹਿਬ ਅਸਤ ॥

ਜਿਸ ਦਾ ਅਰਥ ਹੈ :-

Sri Satguru Jagjit Singh Ji eLibrary NamdhariElibrary@gmail.com

ਸਿੱਕਾ ਮਾਰਿਆ ਦੋ ਜਹਾਨ ਉਤੇ
ਬਖਸ਼ਾਂ ਬਖਸ਼ੀਆਂ ਨਾਨਕ ਦੀ ਤੇਗ ਨੇ ਜੀ।
ਫਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ
ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਇਹ ਸ਼ਬਦ ਸਨ :

ਜ਼ਰਬ ਬ-ਅਮਾਨੁ-ਦਹਿਰ, ਮੁਸੱਵਰਤ ਸ਼ਹਿਰ, ਜ਼ੀਨਤੁ-ਤਖ਼ਤੁ, ਮੁਬਾਰਕ ਬਖ਼ਤ ।

(ਅਰਥਾਤ ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਿਤ, ਧੰਨਭਾਗੀ ਰਾਜਧਾਨੀ ਤੋਂ ।)

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਕਾਰੀ ਦਸਤਾਵੇਜ਼, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ, ਜਿਥੇ ਕਿਥੇ ਮੋਹਰ ਲੱਗੀ, ਮੋਹਰ ਦੇ ਸ਼ਬਦ ਇਹ ਸਨ :

ਦੇਗੋ ਤੇਗੋ ਫਤਹਿ ਓ ਨੁਸਰਿਤ ਬੇ-ਦਿਰੰਗ।।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ।।

(ਅਰਥਾਤ-ਦੇਗ ਤੇਗ ਜਿੱਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ ।)

ਮੁਗਲ ਬਾਦਸ਼ਾਹਾਂ ਦੇ ਰਾਜ-ਸੰਮਤ ਦੀ ਤਰ੍ਹਾਂ ਬਾਬਾ ਬੰਦਾ ਸਿੰਘ ਨੇ ਭੀ ਸਰਹੰਦ ਦੀ ਫਤਹਿ ਤੋਂ ਇੱਕ ਨਵਾਂ ਸੰਮਤ ਨਾਨਕਸ਼ਾਹੀ ਆਰੰਭ ਕੀਤਾ । ਉਸ ਨੇ ਇਹ ਸਭ ਕੁਝ ਮੁਗਲ ਬਾਦਸ਼ਾਹ ਦੀ ਬਰਾਬਰੀ ਦੇ ਤੌਰ 'ਤੇ ਇਸ ਲਈ ਕੀਤਾ ਕਿ ਸਿੰਘਾਂ ਵਿੱਚ ਸ਼ਹੀਦੀਆਂ ਦੀ ਦੂਹਰੀ ਗੁਲਾਮੀ ਕਾਰਨ ਪੈਦਾ ਹੋਈ ਹੀਣ ਭਾਵਨਾ ਖਤਮ ਹੋਵੇ ਅਤੇ ਉਹਨਾਂ ਅੰਦਰ ਮੁਗਲਾਂ ਦੀ ਬਰਾਬਰੀ ਦੀ ਸਪਿਰਟ ਪੈਦਾ ਹੋ ਜਾਵੇ ਕਿ ਉਹ ਕਿਸੇ ਨਾਲੋਂ ਘੱਟ ਨਹੀਂ ਹਨ । ਫਰਕ ਇੰਨਾ ਹੈ ਕਿ ਮੁਗਲ ਬਾਦਸ਼ਾਹ ਦੇ ਸਿੱਕੇ, ਰਾਜਧਾਨੀ, ਮੋਹਰਾਂ ਬਾਦਸ਼ਾਹ ਦੇ ਨਾਂ 'ਤੇ ਚੱਲਦੇ ਸਨ, ਪਰ ਖਾਲਸੇ ਦਾ ਰਾਜ ਨੇਤਾ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਨਿੱਜੀ ਨਾਂ 'ਤੇ ਕੁਝ ਨਹੀਂ ਕਰਦਾ ਸੀ । ਉਹ ਰਾਜ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਮੰਨਦਾ ਹੈ ਤੇ ਆਪ ਦੇਗ ਤੇ ਤੇਗ ਰਾਹੀਂ ਖਾਲਸਾ ਪੰਥ ਅਤੇ ਦੇਸ਼ ਦਾ ਕੇਵਲ ਸੇਵਾਦਾਰ ਹੈ । ਉਸ ਲਈ ਬਖਸ਼ਿਸ਼ ਗੁਰੂ ਨਾਨਕ ਸਾਹਿਬ ਦੀ ਹੈ । ਫਤਹਿ ਗੁਰੂ ਗੋਬਿੰਦ ਸਿੰਘ ਜੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ ।

(ਪੁਸਤਕ ਬੰਦਾ ਸਿੰਘ ਬਹਾਦਰ, ਰਚਨਾ ਡਾ. ਗੰਡਾ ਸਿੰਘ, ਪੰਨਾ ੩੯-੪੧)

ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੁਲਾਈ ੧੭੧੦ ਈ: ਵਿੱਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ 'ਤੇ ਕਬਜ਼ਾ ਕਰ ਲਿਆ । ਮਾਝੇ ਤੇ ਦੁਆਬੇ ਦੇ ਸਿੱਖ ਉੱਠ ਖੜ੍ਹੇ ਹੋਏ । ਅਕਤੂਬਰ ੧੭੧੦ ਈ: ਤੱਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਭੀ ਸਿੱਖ ਫੌਜਾਂ ਦੇ ਕਬਜ਼ੇ ਵਿੱਚ ਆ ਗਏ ।

ਸਿੱਖਾਂ ਦੀ ਚੜ੍ਹਤ ਨੇ ਹਿੰਦੁਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈ-ਭੀਤ ਕਰ ਦਿੱਤਾ । ਉਸ ਨੇ ਸਿੱਖਾਂ ਕੋਲੋਂ ਜਿੱਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵੱਲ ਕੂਚ ਕੀਤਾ । ਹਾਲਾਤ ਅਨੁਸਾਰ ਸਿੱਖਾਂ ਨੂੰ ਪਿੱਛੇ ਹਟਣਾ ਪਿਆ । ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੱਖ ਲੋਹਗੜ੍ਹ ਦੇ ਕਿਲ੍ਹੇ ਆ ਟਿਕੇ । ਸ਼ਾਹੀ ਸੈਨਾ ਨੇ ਕਿਲ੍ਹੇ ਨੂੰ ਘੇਰ ਲਿਆ ਤੇ ਬਾਬਾ ਬੰਦਾ ਸਿੰਘ ਬਹਾਦਰ ਪਿੱਛੇ ਹਟ ਕੇ ਪਹਾੜਾਂ ਵੱਲ ਚਲਾ ਗਿਆ । ਇਸੇ ਦੌਰਾਨ ਪੰਥ-ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਜਾ ਸੋਧਿਆ ।

੧੮ ਫਰਵਰੀ, ੧੭੧੨ ਈ: ਨੂੰ ਬਹਾਦਰਸ਼ਾਹ ਦੀ ਮੌਤ ਹੋ ਗਈ । ਦਿੱਲੀ ਦਾ ਬਾਦਸ਼ਾਹ ਫਰੁਖਸੀਅਰ ਇੱਕ ਕਮਜ਼ੋਰ ਪਰ

Sri Satguru Jagjit Singh Ji eLibrary

NamdhariElibrary@gmail.com

ਜ਼ਾਲਮ ਬਾਦਸ਼ਾਹ ਸੀ । ਕਾਇਰ ਹਾਕਮ ਹਮੇਸ਼ਾ ਹੀ ਜ਼ਾਲਮ ਅਤੇ ਜ਼ੁਲਮੀ ਹੋਇਆ ਕਰਦਾ ਹੈ । ਨੀਤੀਵਾਨ ਅਤੇ ਗੁਣਵਾਨ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਮੌਕੇ ਦਾ ਲਾਭ ਉਠਾਇਆ ਅਤੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ । ੧੭੧੨ ਈ: ਨੂੰ ਸਰਹੰਦ ਤੇ ਲੋਹਗੜ੍ਹ ਫਿਰ ਜਿੱਤ ਲਏ । ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ । ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੇ ਕਈ ਹੋਰ ਸਿੰਘ ਮੁਗਲ ਫੌਜ ਦੇ ਘੇਰੇ ਵਿੱਚ ਆ ਗਏ। ਇਹ ਘੇਰਾ ਲੰਬਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ । ਘੇਰਾ ਲੰਬਾ ਹੋਣ ਕਾਰਨ ਰਾਸ਼ਨ ਦੀ ਕਮੀ ਹੋਣ ਲੱਗੀ । ਸਿਪਾਹੀ ਭੁੱਖ ਤੇ ਪਿਆਸ ਨਾਲ ਮਰਨ ਲੱਗੇ । ਇਨ੍ਹਾਂ ਹਾਲਾਤਾਂ ਵਿੱਚ ਗੁਰਦਾਸ ਨੰਗਲ ਦੀ ਗੜ੍ਹੀ ਨੂੰ ਛੱਡਣ ਜਾਂ ਨਾਂਹ ਛੱਡਣ ਦੇ ਸੁਆਲ ਉਤੇ ਬਾਬਾ ਬੰਦਾ ਸਿੰਘ ਅਤੇ ਬਾਬਾ ਬਿਨੋਦ ਸਿੰਘ ਦਰਮਿਆਨ ਮਤਭੇਦ ਪੈਦਾ ਹੋ ਗਏ ਇਸ ਫੁੱਟ ਦੇ ਕਾਰਨ ਮੁਗਲਾਂ ਨੂੰ ਲਾਭ ਹੋਇਆ । ਨਤੀਜੇ ਵਜੋਂ ਤਕਰੀਬਨ ੭੩੭ ਸਿੰਘ ਸੂਰਮਿਆਂ ਸਮੇਤ ਬਾਬਾ ਬੰਦਾ ਸਿੰਘ ਨੂੰ ੧੫ ਦਸੰਬਰ ੧੭੧੫ ਈ: ਨੂੰ ਗਿਰਫਤਾਰ ਕਰ ਲਿਆ ਗਿਆ । ਉਂਜ ਤਾਂ ਸਾਰਾ ਸਿੱਖ ਇਤਿਹਾਸ ਹੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ, ਪਰ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਵਿੱਚ ਹੀ ਨਹੀਂ, ਸਗੋਂ ਸੰਸਾਰ ਦੇ ਸਮੁੱਚੇ ਇਤਿਹਾਸ ਵਿੱਚ ਹੀ ਲੂੰ-ਕੰਡੇ ਖੜੇ ਕਰਨ ਵਾਲੀ ਸ਼ਹੀਦੀ ਹੈ । ਬਾਬਾ ਬੰਦਾ ਸਿੰਘ ਬਹਾਦਰ ਨੂੰ ਲਗਭਗ ੭੩੭ ਸਾਥੀਆਂ ਸਮੇਤ ਗ੍ਰਿਫਤਾਰ ਕਰਕੇ ਫਿਰ ਪਿੰਜਰੇ ਵਿੱਚ ਬੰਦ ਕਰਕੇ ਸਖਤ ਪਹਿਰੇ ਹੇਠ ਦਿੱਲੀ ਲਿਜਾਇਆ ਗਿਆ । ਗਿਰਫਤਾਰ ਕਰਕੇ ਪਿੰਜਰੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਅਜੇ ਵੀ ਮੁਗਲ ਫੌਜੀਆਂ ਨੂੰ ਭੈਅ ਆ ਰਿਹਾ ਸੀ । ਦਿੱਲੀ ਪਹੁੰਚ ਕੇ ਉਨ੍ਹਾਂ ਨੂੰ ਕੈਦ ਕਰ ਦਿੱਤਾ ਗਿਆ । ਤਸੀਹੇ ਦਿਤੇ ਗਏ ਅਤੇ ਅੰਤ ੫ ਮਾਰਚ ੧੭੧੬ ਈ: ਨੂੰ ਸਿੱਖ ਕੈਦੀਆਂ ਦਾ ਕਤਲੇਆਮ ਸ਼ੁਰੂ ਹੋਇਆ । ਤਕਰੀਬਨ ੧੦੦ ਸਿੱਖਾਂ ਨੂੰ ਰੋਜ਼ ਕਤਲ ਕੀਤਾ ਜਾਂਦਾ, ਸਿੱਖ ਅਜਿੱਤ ਭਾਵਨਾ ਨਾਲ ਮੌਤ ਨੂੰ ਜੀ ਆਇਆ ਕਹਿੰਦੇ, ਖਿੜੇ ਚਿਹਰੇ ਨਾਲ ਸ਼ਹੀਦ ਹੁੰਦੇ ਰਹੇ ।

ਤਕਰੀਬਨ ਤਿੰਨ ਮਹੀਨੇ ਤੱਕ ਅੰਤਾਂ ਦਾ ਜ਼ਬਰ, ਜ਼ੁਲਮ, ਤਸ਼ੱਦਦ ਅਤੇ ਤਸੀਹੇ ਦੇਣ ਤੋਂ ਬਾਅਦ ਵੀ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲਾਂ ਦੀ ਈਨ ਨਾ ਮੰਨੀ ਅਰਥਾਤ ਦੀਨ ਮੁਹੰਮਦੀ ਕਬੂਲ ਨਾਂਹ ਕੀਤਾ ਤਾਂ ੯ ਜੂਨ, ੧੭੧੬ ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿੱਚ ਕੁਤਬ ਮੀਨਾਰ ਦੇ ਨੇੜੇ ਖ਼ਵਾਜਾ ਕੁਤਬਦੀਨ ਬਖ਼ਤਿਆਰ ਕਾਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ । ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਇਸ ਤਰ੍ਹਾਂ ਹੋਈ– ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜਾਮ ਪਿਲਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਉਨ੍ਹਾਂ ਦੇ ਬੇਟੇ ਨੂੰ ਕਤਲ ਕਰਨ ਦਾ ਡਰ ਦਿੱਤਾ ਗਿਆ ਪਰ ਉਹ ਦ੍ਰਿੜ ਰਹੇ । ਉਸ ਦੇ ਪੌਣੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰਕੇ ਉਸ ਦਾ ਧੜਕਦਾ ਦਿਲ ਉਸ ਦੇ ਮੂੰਹ ਵਿੱਚ ਤੁੰਨਿਆ ਗਿਆ । ਉਸਦੇ ਪੁੱਤਰ ਦੀਆਂ ਆਂਦਰਾਂ ਕੱਢਕੇ ਉਨ੍ਹਾਂ ਦਾ ਹਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਗਲ ਵਿੱਚ ਪਾਇਆ ਗਿਆ । ਫਿਰ ਜਲਾਦ

Sri Satguru Jagjit Singh Ji eLibrary NamdhariElibrary@gmail.com

ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਹੱਥ ਪੈਰ ਕੱਟੇ ਗਏ, ਲਾਲ ਭੱਖਦੇ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ ਅਤੇ ਅੰਤ ਵਿੱਚ ਸਿਰ ਤੇ ਧੜ ਨੂੰ ਅਲੱਗ ਕਰਕੇ ਟੁਕੜੇ-ਟੁਕੜੇ ਕਰ ਦਿੱਤਾ ਗਿਆ । ਸਿੱਖਾਂ ਦਾ ਪਹਿਲਾ ਹੁਕਮਰਾਨ ਇਸ ਤਰ੍ਹਾਂ ਸ਼ਹੀਦ ਹੋ ਗਿਆ । ਇਹ ਸ਼ਹੀਦੀ ਆਪਣੇ ਆਪ ਵਿੱਚ ਅਦੁੱਤੀ ਅਤੇ ਲਾਸਾਨੀ ਸੀ । ਅਸਚਰਜਤਾ ਵਾਲੀ ਗੱਲ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਇਸ ਸਾਰੇ ਜ਼ੁਲਮ-ਸਿਤਮ ਦੌਰਾਨ ਪੂਰੀ ਤਰ੍ਹਾਂ ਅਹਿੱਲ ਅਤੇ ਅਡੋਲ ਰਹੇ । ਇਸ ਤਰ੍ਹਾਂ ਉਨ੍ਹਾਂ ਸਿੱਖੀ ਸ਼ਹੀਦੀ ਵਿਰਾਸਤ ਉਤੇ ਪੂਰਾ ਪਹਿਰਾ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦੀ ਦੇਸ਼, ਪੰਜਾਬ, ਖਾਸ ਕਰਕੇ ਸਿੱਖ ਕੌਮ ਨੂੰ ਬਹੁਤ ਵੱਡੀ ਦੇਣ ਹੈ । ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਅੰਦਰ ਸੁਤੰਤਰਤਾ, ਵੱਖਰੀ ਅਤੇ ਵਿਲੱਖਣ ਕੌਮ ਅਤੇ ਰਾਜ ਕਰਨ ਦੀ ਭਾਵਨਾ ਅਤੇ ਅਹਿਸਾਸ ਪੈਦਾ ਕਰ ਦਿੱਤਾ। ਕੁਝ ਖੇਤਰਾਂ ਵਿੱਚ ਉਸ ਦੇ ਪਾਏ ਹੋਏ ਪੂਰਨੇ ਅੱਜ ਤੱਕ ਅਪਣਾਏ ਜਾ ਰਹੇ ਹਨ । ਉਸ ਦਾ ਪਹਿਲਾ ਕੰਮ ਸਿਰਲੱਥ ਖਾਲਸੇ ਨੂੰ ਦਰਪੇਸ਼ ਹਾਲਾਤ ਦੇ ਮੱਦੇ-ਨਜ਼ਰ ਹੋਰ ਚੰਗੀ ਤਰ੍ਹਾਂ ਸੰਗਠਿਤ ਕਰਨਾ ਸੀ । ਫੌਜੀ ਜਰਨੈਲ ਦੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਕੋਈ ਵੀ ਮੁਕਾਬਲਾ ਨਹੀਂ ਸੀ । ਮਿ: ਮੈਕਗਰੈਗਰ ਲਿਖਦਾ ਹੈ : ''ਬੰਦਾ ਸਿੰਘ ਬਹਾਦਰ ਜਰਨੈਲਾਂ ਵਿੱਚ ਉੱਚੀ ਥਾਂ ਰੱਖਦਾ ਹੈ। ਉਸ ਦਾ ਨਾਮ ਪੰਜਾਬ ਤੇ ਪੰਜਾਬੋਂ ਬਾਹਰ ਮੁਗਲਾਂ ਵਿੱਚ ਦਹਿਸ਼ਤ ਫੈਲਾਉਣ ਲਈ ਕਾਫੀ ਸੀ ।'' ਗੋਕਲ ਚੰਦ ਨਾਰੰਗ ਅਨੁਸਾਰ, ''ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਦੇ ਅਜਿੱਤ ਹੋਣ ਦਾ ਭਰਮ ਤੋੜਿਆ ਤੇ ਬਾਬਾ ਬੰਦਾ ਸਿੰਘ ਨੇ ਮੁਗਲਾਂ ਨੂੰ ਪੰਜਾਬ ਦੀ ਧਰਤੀ 'ਤੇ ਮਾਰ ਮੁਕਾਇਆ ।''

ਉਨ੍ਹਾਂ ਨੇ ਪੰਜਾਬ ਦੇ ਵਾਹੀਕਾਰ ਕਿਸਾਨਾਂ ਨੂੰ ਭੋਇੰ ਦੇ ਮਾਲਕ ਬਣਾ ਦਿੱਤਾ। ਉਨ੍ਹਾਂ ਤੋਂ ਪਿਛੋਂ ਵੀ ਇਹ ਪ੍ਰਬੰਧ ਅੰਗਰੇਜ਼ਾਂ ਦੇ ਰਾਜ ਤਕ ਇਵੇਂ ਹੀ ਚਲਦਾ ਰਿਹਾ । ਉਨ੍ਹਾਂ ਨੇ ਪੰਜਾਬ ਵਿੱਚ ਰਾਜਨੀਤਕ ਜਾਗ੍ਰਤੀ ਲਿਆਉਣ ਦੇ ਨਾਲ ਆਰਥਿਕ ਖੁਸ਼ਹਾਲੀ ਦਾ ਮੁੱਢ ਵੀ ਬੰਨ੍ਹ ਦਿੱਤਾ ਸੀ । ਉਨ੍ਹਾਂ ਨੇ ਪੰਜਾਬ ਵਿੱਚ ਇੱਕ ਵੱਡੀ ਕ੍ਰਾਂਤੀ ਲਿਆਂਦੀ ਸੀ । ਦੂਜਿਆਂ ਦੀਆਂ ਜ਼ਮੀਨਾਂ ਤੇ ਕੰਮ ਕਰਨ ਵਾਲੇ ਬੇਜ਼ਮੀਨੇ ਮੁਜ਼ਾਰੇ ਤੇ ਕਿਸਾਨਾਂ ਨੂੰ ਜ਼ਿਮੀਦਾਰ ਤੇ ਸਿੱਖ ਸਰਦਾਰ ਬਣਾ ਦਿੱਤਾ ਸੀ । ਇਸ ਪੱਖੋਂ ਵੀ ਪੰਜਾਬ ਬਾਬਾ ਬੰਦਾ ਸਿੰਘ ਬਹਾਦਰ ਦੀ ਦੂਰ ਦ੍ਰਿਸ਼ਟੀ ਤੇ ਡੂੰਘੀ ਸੋਚ ਨਾਲ ਦਿੱਤੀ ਉਨ੍ਹਾਂ ਦੀ ਦੇਣ ਦਾ ਸਦਾ ਰਿਣੀ ਰਹੇਗਾ ।

ਬਾਬਾ ਬੰਦਾ ਸਿੰਘ ਬਹਾਦਰ ਨੇ ਅਜ਼ਾਦ ਲੋਕ-ਰਾਜ ਦੀ ਸਥਾਪਨਾ ਕੀਤੀ । ਚਿਰਾਂ ਦੀ ਸਮਾਜਿਕ ਅਤੇ ਰਾਜਨੀਤਕ ਗੁਲਾਮੀ ਤੋਂ ਬਾਅਦ ਲੋਕਾਂ ਨੇ ਅਜ਼ਾਦੀ ਦੀ ਹਵਾ ਵਿੱਚ ਸਾਹ ਲਿਆ ਅਤੇ ਅਜ਼ਾਦੀ ਦਾ ਨਿੱਘ ਮਾਣਿਆ । ਰਾਜਨੀਤਕ ਵਿਉਂਤਬੰਦੀ ਅਨੁਸਾਰ ਹਰ ਇਲਾਕੇ ਦਾ ਪ੍ਰਬੰਧਕ ਨਿਯੁਕਤ ਕੀਤਾ । ਉਹ ਪ੍ਰਬੰਧਕ ਬਹੁਤ ਦੱਬੇ-ਕੁਚਲੇ ਲੋਕਾਂ ਵਿਚੋਂ ਹੀ ਹੁੰਦਾ ਸੀ । ਇਸ ਤਰ੍ਹਾਂ ਇਹ ਪਹਿਲੀ ਵਾਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਨੇ ਅਜ਼ਾਦੀ ਦਾ ਅਨੰਦ ਮਾਣਿਆ । ਬਾਬਾ ਬੰਦਾ ਸਿੰਘ ਬਹਾਦਰ ਦੇ ਪਾਏ ਪੂਰਨਿਆਂ ਨੇ ਆਉਣ ਵਾਲੇ ਸਮੇਂ ਵਿੱਚ ਸਿੱਖ ਕੌਮ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ ਤੇ ਹਮੇਸ਼ਾ ਲਈ ਸਿੱਖ ਕੌਮ ਅੰਦਰ ਅਜ਼ਾਦੀ ਦੀ ਚਿਣਗ ਲਾ ਦਿੱਤੀ ਜੋ ਕਿ ਪਿੱਛੋਂ ਜਾ ਕੇ ਰਾਜ ਦੀ


Sri Satguru Jagjit Singh Ji eLibrary NamdhariElibrary@gmail.com

ਪ੍ਰਾਪਤੀ ਲਈ ਸੰਘਰਸ਼ ਦਾ ਕਾਰਨ ਬਣੀ ।

ਬਾਬਾ ਬੰਦਾ ਸਿੰਘ ਬਹਾਦਰ ਨੇ ਤਕਰੀਬਨ ੬ ਸਾਲ ਯਮਨਾ ਤੋਂ ਰਾਵੀ ਤੱਕ ਵਿਸ਼ਾਲ ਇਲਾਕੇ ਉਤੇ ਆਪਣਾ ਤਹਿਤ ਕਾਇਮ ਰੱਖਿਆ । ੧੭੧੬ ਈ: ਵਿੱਚ ਉਹ ਭਾਵੇਂ ਸ਼ਹੀਦ ਹੋ ਗਏ ਪਰ ਉਹ ਪੰਜਾਬ ਵਿੱਚ ਸਿੱਖ ਰਾਜ ਦੀ ਬੁਨਿਆਦ ਡੂੰਘੀ ਕਾਇਮ ਕਰ ਗਏ ਸਨ । ਇਸ ਬੁਨਿਆਦ ਦੇ ਉਤੇ ੧੭੯੯ ਈ: ਨੂੰ ਲਾਹੌਰ ਫਤਹਿ ਕਰਨ ਉਪਰੰਤ ੧੮੦੧ ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿੱਚ ਇੱਕ ਵਿਸ਼ਾਲ ਸਿੱਖ ਹਲੇਮੀ ਰਾਜ ਕਾਇਮ ਕੀਤਾ। ੧੭੧੭ ਈ: ਤੋਂ ਬਾਅਦ ਕਈ ਦਹਾਕੇ ਸਿੰਘਾਂ ਨੂੰ ਖਤਮ ਕਰਨ ਲਈ ਮੁਗਲ ਸਰਕਾਰ ਵੱਲੋਂ ਬੇਹਦ ਜ਼ੁਲਮ ਕੀਤੇ ਗਏ, ਪਰ ਉਨ੍ਹਾਂ ਨੇ ਸੰਘਰਸ਼ ਜਾਰੀ ਰੱਖਿਆ । ੧੭੪੮ ਈ: ਵਿੱਚ ਸਿੰਘਾਂ ਦੇ ਬਾਰ੍ਹਾਂ ਜੱਥੇ ਬਣਾਏ ਗਏ ਅਤੇ ਬਾਅਦ ਵਿੱਚ ਇਨ੍ਹਾਂ ਤੋਂ ਬਾਰ੍ਹਾਂ ਮਿਸਲਾਂ ਹੋਂਦ ਵਿੱਚ ਆਈਆਂ । ਇਨ੍ਹਾਂ ਵਿਚੋਂ ਇੱਕ ਸੀ ਸ਼ੁਕਰਚੱਕੀਆ ਮਿਸਲ । ਇਸ ਮਿਸਲ ਦੇ ਮੁੱਖੀ ਸਨ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ।

ਬਾਬਾ ਬੰਦਾ ਸਿੰਘ ਬਹਾਦਰ ਨੇ, ਜਿੰਨਾ ਵੀ ਸਮਾਂ ਰਾਜ ਪ੍ਰਬੰਧ ਚਲਾਇਆ, ਉਸ ਸਮੇਂ ਦੌਰਾਨ ਉਨ੍ਹਾਂ ਦੇ ਤਹਿਤ ਇਲਾਕਿਆਂ ਵਿੱਚ ਕਿਸੇ ਧਾਰਮਿਕ ਅਸਥਾਨ ਭਾਵੇਂ ਉਹ ਇਸਲਾਮ ਨਾਲ ਸੰਬੰਧਿਤ ਸੀ ਜਾਂ ਹਿੰਦੂ ਧਰਮ ਨਾਲ, ਦੀ ਮਰਿਆਦਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਅਤੇ ਉਸ ਸਮੇਂ ਦੌਰਾਨ ਕਿਸੇ ਵੀ ਮਨੁੱਖ ਜਾਂ ਤ੍ਰਿਮਤ ਦੇ ਧਾਰਮਿਕ ਚਿੰਨ੍ਹ ਦਾ ਅਪਮਾਨ ਨਹੀਂ ਹੋਣ ਦਿੱਤਾ ਅਤੇ ਸਮੂਹ ਧਰਮਾਂ ਦੇ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ-ਆਬਰੂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਗਿਆ । ਸਹੀ ਅਰਥਾਂ ਵਿੱਚ ਬਾਬਾ ਜੀ ਦਾ ਰਾਜ ਇੱਕ ਆਦਰਸ਼ਕ ਰਾਜ ਸੀ । ਅਜਿਹਾ ਸੀ ਪਹਿਲਾ ਸਿੱਖ ਹੁਕਮਰਾਨ ਜੋ ਦੇਸ਼ ਦੇ ਵੱਡੇ ਹਿੱਸੇ ਨੂੰ ਚਿਰਾਂ ਦੀ ਗੁਲਾਮੀ ਤੋਂ ਅਜ਼ਾਦੀ ਦਿਵਾਉਣ ਵਾਲਾ । ਸਾਨੂੰ ਉਨ੍ਹਾਂ ਉਤੇ ਹਮੇਸ਼ਾ ਮਾਣ ਰਹੇਗਾ ।

ਦੇਸ਼ ਅਜ਼ਾਦ ਹੋਏ ਨੂੰ ਭਾਵੇਂ ਛੇ ਦਹਾਕੇ ਬੀਤ ਚੁੱਕੇ ਹਨ, ਪਰ ਅੱਜ ਵੀ ਲੋਕ ਜਬਰ, ਜ਼ੁਲਮ, ਧੱਕੇਸ਼ਾਹੀ, ਆਰਥਿਕ ਸ਼ੋਸ਼ਣ ਅਤੇ ਬੇਇਨਸਾਫੀ ਕਾਰਨ ਦੁੱਖੀ ਹਨ। ਬਾਬਾ ਬੰਦਾ ਸਿੰਘ ਬਹਾਦਰ ਅਤੇ ਖ਼ਾਲਸੇ ਨੇ ਲੰਮਾ ਸੰਘਰਸ਼ ਕਰ ਕੇ ਅਤੇ ਸ਼ਹੀਦੀਆਂ ਦੇ ਕੇ ਮੁਗਲ ਰਾਜ ਦਾ ਖਾਤਮਾ ਕਰ ਦਿੱਤਾ ਸੀ, ਪ੍ਰੰਤੂ ਮੁਗਲਾਂ ਦੀ ਰੂਹ ਅਜੇ ਵੀ ਸਾਡੇ ਹੁਕਮਰਾਨਾਂ ਅਤੇ ਪੂੰਜੀਪਤੀਆਂ ਵਿੱਚ ਮੌਜੂਦ ਹੈ । ਜਿਸ ਕਰਕੇ ਲੋਕਾਂ ਦਾ ਜੀਵਨ ਨਰਕ ਬਣ ਰਿਹਾ ਹੈ । ਦੇਸ਼ ਅੰਦਰ ਮੁੜ ਤੋਂ ਗਰੀਬੀ, ਜਾਤ-ਪਾਤ ਅਤੇ ਊਚ-ਨੀਚ ਅਤੇ ਨਫਰਤ ਦਾ ਬੋਲਬਾਲਾ ਹੋ ਗਿਆ ਹੈ ਸਗੋਂ ਇਸ ਜਾਤ-ਪਾਤ ਸਿਸਟਮ ਨੂੰ ਸੰਵਿਧਾਨਿਕ ਮਾਨਤਾ ਦੇ ਦਿੱਤੀ ਹੈ । ਅਜੋਕੇ ਪ੍ਰਬੰਧ ਅਧੀਨ ਇਹਨਾਂ ਦਲਿਤ ਅਤੇ ਕ੍ਰਿਤੀਆਂ, ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਕੇਵਲ ਸ਼ੋਸ਼ਣ ਕਰਨ ਅਤੇ ਆਪਣਾ ਸੁਰੱਖਿਅਤ ਵੋਟ ਬੈਂਕ ਕਾਇਮ ਰੱਖਣ ਹਿੱਤ ਆਕਸੀਜਨ ਦੇਣ ਲਈ ਹੀ ਸਕੀਮਾਂ ਅਤੇ ਪ੍ਰਾਜੈਕਟ ਉਲੀਕੇ ਜਾਂਦੇ ਹਨ । ਪ੍ਰੰਤੂ ਸਥਾਈ ਤੌਰ ਉਤੇ ਉਹਨਾਂ ਦੇ ਜੀਵਨ ਦੀ ਕਾਇਆਂ ਕਲਪ ਕਰਨ ਲਈ ਕਦੀ ਵੀ ਕੋਈ ਠੋਸ ਉਪਰਾਲਾ ਨਹੀਂ ਕੀਤਾ ਗਿਆ । ੬੨ ਸਾਲ ਦੀ ਅਜ਼ਾਦੀ ਦੇ ਸਮੇਂ ਦੌਰਾਨ ਇਹਨਾਂ ਵਰਗਾਂ ਅੰਦਰ ਫੈਲੀ ਗਰੀਬੀ, ਬੇਰੁਜ਼ਗਾਰੀ, ਨਸ਼ੇ, ਅਨਪੜ੍ਹਤਾ ਅਤੇ ਲਾਚਾਰੀ ਕਾਰਨ ਹੀਣ ਭਾਵਨਾ ਹੀ ਵਧੀ ਹੈ । ਜਿਹੜਾ ਮਾਣ-

Sri Satguru Jagjit Singh Ji eLibrary NamdhariElibrary@gmail.com

ਸਨਮਾਨ, ਸੁਤੰਤਰਤਾ, ਸਵੈਮਾਣ, ਕ੍ਰਿਤ ਦਾ ਸਨਮਾਨ, ਜਾਤ-ਪਾਤ ਰਹਿਤ ਸਮਾਜ ਗੁਰੂ ਸਾਹਿਬਾਨ ਨੇ ਸਿਰਜਿਆ ਸੀ ਉਹ ਤਾਂ ਕਿਧਰੇ ਅਲੋਪ ਹੀ ਹੋ ਗਿਆ ਹੈ । ਅੱਜ ਮੁੜ ਗੁਰਮਤਿ ਸਦਕਾ ਆਈ ਕ੍ਰਾਂਤੀ ਨੂੰ ਪੁਨਰ ਸੁਰਜੀਤ ਕਰਨ ਦੀ ਲੋੜ ਹੈ । ਅੱਜ ਦੇਸ਼ ਅੰਦਰ ੫੦ ਕਰੋੜ ਤੋਂ ਵੱਧ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਹਨ । ਬੜੀ ਭਾਰੀ ਗਿਣਤੀ ਵਿੱਚ ਲੋਕਾਂ ਪਾਸ ਕੁੱਲੀ, ਗੁੱਲੀ ਅਤੇ ਜੁੱਲੀ ਨਹੀਂ ਹੈ । ਬਹੁਤੇ ਤਾਂ ਆਪਣੀਆਂ ਰਾਤਾਂ ਸੜਕਾਂ ਦੇ ਫੁੱਟਪਾਥਾਂ ਉਤੇ ਨੀਲੇ ਅਸਮਾਨ ਹੇਠ ਗੁਜ਼ਰਾਨ ਲਈ ਮਜ਼ਬੂਰ ਹਨ । ਸੂਬਿਆਂ ਦੀਆਂ ਸਰਕਾਰਾਂ ਅਧਿਕਾਰ ਰਹਿਤ ਹਨ । ਸੂਬਿਆਂ ਦੀਆਂ ਸਰਕਾਰਾਂ ਨੂੰ ਛੋਟੀਆਂ ਛੋਟੀਆਂ ਗੱਲਾ ਲਈ ਵੀ ਕੇਂਦਰ ਅੱਗੇ ਨਮੋਸ਼ੀ ਨਾਲ ਹੱਥ ਅੱਡਣੇ ਪੈਂਦੇ ਹਨ । ਇਹਨਾਂ ਦੀ ਹਾਲਤ ਨਗਰ ਪਾਲਿਕਾਵਾਂ ਤੋਂ ਬੇਹਤਰ ਨਹੀਂ ਹੈ । ਰਾਜਨੀਤਕ ਸ਼ਕਤੀ ਦਾ ਮੁਕੰਮਲ ਕੇਂਦਰੀਕਰਨ ਕਰਕੇ ਕੇਂਦਰੀ ਸਰਕਾਰ ਪੂਰੀ ਤਰ੍ਹਾਂ ਕਾਬਜ਼ ਹੈ । ਕੇਂਦਰ ਸਰਕਾਰ ਪਾਸ ਹੀ ਏਕਾ ਅਧਿਕਾਰ ਹੈ । ਮੁਲਕ ਦੀ ਸਾਰੀ ਯੋਜਨਾਕਾਰੀ ਹੀ ਇਸ ਤਰ੍ਹਾਂ ਕੀਤੀ ਜਾਂਦੀ ਹੈ, ਜਿਸ ਨਾਲ ਅਮੀਰ ਹੋਰ ਅਮੀਰ ਹੋਵੇ ਅਤੇ ਗਰੀਬ ਹੋਰ ਗਰੀਬ ਤਥਾ ਰਾਜ ਘਰਾਣਿਆਂ ਦਾ ਗੁਲਾਮ ਹੀ ਬਣਿਆ ਰਹੇ । ਦੇਸ਼ ਦੀ ਸਿੱਖਿਆ ਨੀਤੀ ਵੀ ਅਜਿਹੀ ਹੀ ਹੈ ਕਿ ਗਰੀਬਾਂ ਦੇ ਬੱਚੇ ਅੱਧ ਪੜ੍ਹੇ ਜਾਂ ਅਨਪੜ੍ਹ ਹੀ ਹਨ । ਉਨ੍ਹਾਂ ਨੂੰ ਜੋ ਸਿੱਖਿਆ ਦਿੱਤੀ ਵੀ ਜਾ ਰਹੀ ਹੈ, ਉਹ ਮਿਆਰੀ ਨਹੀਂ ਹੈ । ਆਜ਼ਾਦੀ ਤੋਂ ਬਾਅਦ ਲੰਮਾ ਸਮਾਂ ਦੇਸ਼ ਰੂਸ ਦੀ ਅਣ-ਐਲਾਨੀ ਗੁਲਾਮੀ ਹੇਠ ਵਿਚਰਦਾ ਰਿਹਾ । ਹੁਣ ਬੜੀ ਤੇਜ਼ੀ ਨਾਲ ਅਮਰੀਕਾ ਦੀ ਗੁਲਾਮੀ ਦੇ ਜੁੱਲੇ ਥੱਲੇ ਧੱਕਿਆ ਜਾ ਰਿਹੈ । ਦੇਸ਼ ਨੂੰ ਸਹੀ ਅਰਥਾਂ ਵਿੱਚ ਆਜ਼ਾਦ ਕਰਾਉਣ, ਆਰਥਿਕ ਖੁਸ਼ਹਾਲੀ ਅਤੇ ਸਮਾਜਿਕ ਬਰਾਬਰੀ ਲਿਆਉਣ ਲਈ ਮੁਲਕ ਨੂੰ ਦੇਰ-ਸਵੇਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਹੀ ਅਪਨਾਉਣਾ ਪਵੇਗਾ । ਅਜੋਕੇ ਰਾਜ ਪ੍ਰਬੰਧ ਹੇਠ ਲੋਕ ਬੇਰੁਜ਼ਗਾਰੀ, ਨਸ਼ਿਆਂ ਦਾ ਸੇਵਨ, ਕਰਜ਼ਿਆਂ ਦਾ ਭਾਰ ਅਤੇ ਲੱਚਰਪੁਣੇ ਅਤੇ ਜਾਤੀ ਪਾਤੀ ਸਿਸਟਮ ਵਿੱਚ ਘਿਰ ਕੇ ਲਾਚਾਰੀ ਅਤੇ ਬੇਵੱਸੀ ਆਪਣਾ ਜੀਵਨ ਨਸ਼ਟ ਕਰ ਰਹੇ ਹਨ । ਅੱਜ ਫੇਰ ਲੋੜ ਹੈ ਬਾਬਾ ਬੰਦਾ ਸਿੰਘ ਬਹਾਦਰ ਵਰਗੇ ਸ਼ਕਤੀਸ਼ਾਲੀ ਅਤੇ ਨਿਸ਼ਕਾਮ ਆਗੂ ਦੀ ਜੋ ਮੁਲਕ ਵਿੱਚ ਖਾਲਸਾ ਮਿਸ਼ਨ ਅਨੁਸਾਰ ਸਮਾਜਿਕ ਬਰਾਬਰੀ, ਆਰਥਿਕ ਖੁਸ਼ਹਾਲੀ ਅਤੇ ਲੋਕ-ਰਾਜੀ ਕਦਰਾਂ ਕੀਮਤਾਂ ਨੂੰ ਬਹਾਲ ਕਰ ਸਕੇ ਅਤੇ ਦੇਸ਼ ਅੰਦਰ ਸਹੀ ਅਰਥਾਂ ਵਿੱਚ ਹਲੇਮੀ ਰਾਜ ਸਥਾਪਤ ਕਰ ਸਕੇ ।

**ਹੁਣ ਹੁਕਮੁ ਹੋਆ**
**ਮਿਹਰਵਾਣ ਦਾ ॥**
**ਪੈ ਕੋਇ ਨ**
**ਕਿਸੈ ਰਵਾਣਦਾ ॥**
**ਸਭ ਸੁਖਾਲੀ ਵੁਠੀਆ**
**ਇਹੁ ਹੋਆ**
**ਹਲੇਮੀ ਰਾਜੁ ਜੀਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-੭੪)

Sri Satguru Jagjit Singh Ji eLibrary NamdhariElibrary@gmail.com

# ਖਾਲਸਾ ਹਲੇਮੀ ਰਾਜ ਦੇ ਬਾਦਸ਼ਾਹ

# ਬਾਬਾ ਬੰਦਾ ਸਿੰਘ ਜੀ ਬਹਾਦਰ

– ਸ੍ਰ: ਸਤਨਾਮ ਸਿੰਘ ਖਾਲਸਾ ਐਡਵੋਕੇਟ ❋

ਆਪ ਜੀ ਦਾ ਜਨਮ ੧੬ ਅਕਤੂਬਰ ੧੬੭੦, ਦਿਨ ਐਤਵਾਰ, ਬਾਬਾ ਰਾਮਦੇਵ ਭਾਰਦਵਾਜ ਰਾਜਪੂਤ ਦੇ ਘਰ ਰਾਜੌਰੀ ਜਿਲਾ ਪੁਣਛ ਕਸ਼ਮੀਰ ਵਿਖੇ ਹੋਇਆ। ਛੋਟੇ ਹੁੰਦੇ ਘੋੜ ਸਵਾਰੀ, ਸ਼ਿਕਾਰ ਖੇਡਦੇ ਸਮੇਂ ਤੀਰ ਇੱਕ ਹਿਰਨੀ ਨੂੰ ਲੱਗਾ ਤਾਂ ਹਿਰਨੀ ਦੇ ਪੇਟ ਵਿਚਲੇ ਬੱਚੇ ਆਪ ਜੀ ਦੇ ਸਾਹਮਣੇ ਤੜਪ–ਤੜਪ ਕੇ ਮਰ ਗਏ ਜਿਸ ਕਰਕੇ ਬਹੁਤ ਪਛਤਾਵਾ ਹੋਇਆ। ਇੱਕ ਬੈਰਾਗੀ ਜਾਨਕੀ ਪ੍ਰਸਾਦਿ ਦੀ ਸੰਗਤ ਵਿੱਚ ਪਾਠ ਪੂਜਾ ਕਰਨ ਲੱਗੇ, ਆਪਣਾ ਨਾਮ ਲਛਮਣ ਦੇਵ ਤੋਂ ਮਾਧੋ ਦਾਸ ਰਖ ਲਿਆ। ੧੬੯੨ ਵਿੱਚ ਨਾਂਦੇੜ ਗੋਦਾਵਰੀ ਦੇ ਕੰਢੇ ਇਕਾਂਤ ਜਪ ਤਪ ਕਰਨ ਲੱਗੇ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਤੰਬਰ ੧੭੦੮ ਨੂੰ ਨਾਂਦੇੜ ਵਿਖੇ ਮਾਧੋ ਦਾਸ ਦੀ ਕੁਟੀਆ ਪਹੁੰਚੇ। ਗੁਰੂ ਜੀ ਨੇ ਥਾਪੜਾ ਦਿੱਤਾ। ਗੁਰੂ ਜੀ ਤੋਂ ਅੰਮ੍ਰਿਤ ਛਕ ਕੇ ਨਾਮ ਗੁਰਬਖਸ਼ ਸਿੰਘ ਰਖਿਆ। ਗੁਰੂ ਦਾ ਸੇਵਕ ਸੂਰਬੀਰ ਜਰਨੈਲ ਬਣ ਗਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ, ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜਾਦਿਆਂ ਦੀਆਂ ਸ਼ਹੀਦੀਆਂ ਬਾਰੇ ਸੁਣਿਆ ਤਾਂ ਪੱਕਾ ਮਨ ਬਣਾ ਲਿਆ ਕਿ ਜ਼ਾਲਮ ਦੁਸ਼ਟਾਂ ਦਾ ਨਾਸ਼ ਕਰਕੇ ਭਾਰਤ ਦੀ ਗਰੀਬ ਜਨਤਾ ਦੀ ਰੱਖਿਆ ਕਰਨੀ ਹੈ।

❋ਛੇਹਰਟਾ ਰੋਡ, ਲਾਲ ਐਵਿਨਿਊ, ਡਾਕ. ਰੇਯਨ ਸਿਲਕ ਮਿਲਜ਼, ਸ੍ਰੀ ਅੰਮ੍ਰਿਤਸਰ – ੧੪੩੧੦੪

ਗੁਰੂ ਜੀ ਨੇ ੫ ਅਣਿਆਲੇ ਤੀਰ, ਨਗਾਰਾ, ਨਿਸ਼ਾਨ ਸਾਹਿਬ, ਭਾਈ ਬਿਨੋਦ ਸਿੰਘ, ਭਾਈ ਬਾਜ ਸਿੰਘ, ਅਤੇ ਤਿੰਨ ਹੋਰ ਸਿੰਘ ਮਿਲਾਕੇ ਪੰਜ ਮੁੱਖੀ ਸਿੰਘ ਤੇ ਹੋਰ ੨੫ ਸ਼ਸਤਰਧਾਰੀ ਮਰਜੀਵੜੇ ਸਿੰਘ ਹੁਕਮਨਾਮੇ ਪੰਥ ਦੇ ਨਾਮ ਲਿਖਕੇ ਦਿੱਲੀ ਵੱਲ ੩ ਸਤੰਬਰ ੧੭੦੮ ਈ: ਨੂੰ ਅਕਾਲ ਪੁਰਖ ਅੱਗੇ ਅਰਦਾਸ ਕਰਕੇ ਰਵਾਨਾ ਕਰ ਦਿੱਤਾ। ੧੬੦੦ ਕਿਲੋ ਮੀਟਰ ਦਾ ਸਫਰ ਕਰਦੇ ਦਿੱਲੀ ਦੇ ਨੇੜੇ ਪਿੰਡ ਸਿਹਰੀ ਖੰਡਾ ਵਿਖੇ ਪੰਜਾਬ ਤੋਂ ਸੂਰਬੀਰ ਖਾਲਸੇ ਦੇ ਜਥਿਆਂ ਨੇ ਇਨ੍ਹਾਂ ਦਾ ਸਵਾਗਤ ਕੀਤਾ। ਪੰਜਾਬ, ਦਿੱਲੀ ਦੇ ਗਰੀਬ ਹਿੰਦੂ ਸਿੱਖਾਂ ਨੇ ਪੂਰਾ ਸਾਥ ਦਿੱਤਾ। ਨਾਰਨੌਲ ਫਤਹਿ ਕੀਤਾ। ਹਿਸਾਰ ਪਹੁੰਚੇ ਸੋਨੀਪਤ ਦਾਖਲ ਹੋਏ ਕੈਥਲ ਫਤਹਿ ਕੀਤਾ। ਸਮਾਣਾ ਦੇ ਕਾਤਲ ਜਲਾਦ ਜਲਾਲੂਦੀਨ, ਸਾਸਲ ਬੇਗ, ਬਾਸਲ ਬੇਗ ਨੂੰ ੧੧ ਨਵੰਬਰ ੧੭੦੯ ਨੂੰ ਕਬਰਾਂ ਵਿੱਚ ਦਫਨ ਕੀਤਾ। ਘੁੜਾਮ, ਠਸਕਾ, ਸ਼ਾਹਬਾਦ. ਸਢੌਰਾ, ਮੁਖਲਸਗੜ੍ਹ ਤੋਂ ਅੰਬਾਲਾ ਪਹੁੰਚੇ। ਸਰਹਿੰਦ ਦੇ ਦੁਸ਼ਟ ਨਵਾਬ ਵਜ਼ੀਰ ਖਾਨ ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਕਤਲ ਕੀਤਾ। ਦੁਸ਼ਟ ਸੁੱਚਾ ਨੰਦ ਨੂੰ ਕਤਲ ਕਰਕੇ ਧਰਤੀ ਤੋਂ ਭਾਰੀ ਪੰਡ ਉਤਾਰੀ। ੧੪ ਮਈ ੧੭੧੦ ਨੂੰ ਫਤਹਿ ਦਿਵਸ ਭਾਰੀ ਰੌਣਕਾਂ ਨਾਲ ਅਕਾਲ ਪੁਰਖ ਅਗੇ ਅਰਦਾਸ ਕਰਕੇ ਖੁਸ਼ੀਆਂ ਨਾਲ ਮਨਾਇਆ ਗਿਆ।

ਭਾਈ ਬਾਜ ਸਿੰਘ ਨੂੰ ਸਰਹਿੰਦ ਦਾ

Sri Satguru Jagjit Singh Ji eLibrary NamdhariElibrary@gmail.com

ਸੂਬੇਦਾਰ ਬਣਾਇਆ ਗਿਆ । ੧੭ ਮਈ ੧੭੧੦ ਨੂੰ ਭਾਰੀ ਦੀਵਾਨ ਸਜਾਏ ਗਏ । ਸਢੌਰਾ ਅਤੇ ਨਾਹਨ ਦੇ ਵਿਚਕਾਰ ਮੁਖਲਸ ਗੜ੍ਹ ਰਾਜਧਾਨੀ ਅਤੇ ਕਿਲਾ ਲੋਹਗੜ੍ਹ ਤਿਆਰ ਕੀਤਾ । ਖਾਲਸਾ ਰਾਜ ਦਾ ਸਿੱਕਾ ਅਤੇ ਮੋਹਰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਬਣਾਈ ਗਈ । ਰਾਜ ਕਰੇਗਾ ਖਾਲਸਾ ਦੇ ਨਿਸ਼ਾਨ ਸਾਹਿਬ ਸਾਰੇ ਪੰਜਾਬ ਲਾਹੌਰ ਬਟਾਲਾ ਝੁਲਾਏ ਗਏ ।

ਪੰਜਾਬ ਦੇ ਗਰੀਬ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਕੇ ਜਾਗੀਰਦਾਰੀ ਨਿਜ਼ਾਮ ਖਤਮ ਕਰ ਦਿੱਤਾ । ਨੀਚ ਲੋਕਾਂ ਨੂੰ ਹਾਕਮ ਬਣਾ ਦਿੱਤਾ । ਰਜਵਾੜਾ ਸ਼ਾਹੀ ਪ੍ਰਬੰਧ ਦਾ ਭੋਗ ਪਾ ਦਿਤਾ ਗਿਆ, ਕਾਸ਼ਤਕਾਰ ਮਾਲਕ ਬਣ ਗਏ । ਕਿਰਸਾਨੀ ਇਨਕਲਾਬ ਲਿਆਂਦਾ ਗਿਆ । ਪੰਜਾਬ ਵਿੱਚ ਗਊ ਹੱਤਿਆ ਬੰਦ ਕਰਵਾਈ ਗਈ । ੨੮ ਨਵੰਬਰ ੧੭੧੦ ਨੂੰ ਦੁਸ਼ਟ ਬਹਾਦਰਸ਼ਾਹ ਨੇ ਐਲਾਨ ਕੀਤਾ ਕਿ ਸਾਰੇ ਹਿੰਦੂ ਕੇਸ ਦਾੜੀ ਮੁਨਵਾ ਦੇਣ । ਕਿਲਾ ਲੋਹਗੜ੍ਹ ਉਪਰ ਜਬਰਦਸਤ ਹਮਲਾ ਕੀਤਾ ਗਿਆ ਤਾਂ ਬਾਬਾ ਬੰਦਾ ਸਿੰਘ ਬਹਾਦਰ ਨਾਹਨ ਵੱਲ ਚਲਾ ਗਿਆ । ਪਹਾੜੀ ਦੁਸ਼ਟ ਰਾਜਿਆਂ ਦੀ ਸੁਧਾਈ ਕੀਤੀ। ਭੀਮ ਚੰਦ ਨੂੰ ਕਤਲ ਕਰਕੇ ਬਿਲਾਸਪੁਰ ਫਤਹਿ ਕੀਤਾ ।

ਚੰਬਾ ਦੇ ਰਾਜਾ ਦੀ ਸਪੁਤਰੀ ਸੁਸ਼ੀਲ ਕੌਰ ਨਾਲ ਅਨੰਦ ਕਾਰਜ ਕੀਤਾ । ਰਾਜੌਰੀ ਦਰਿਆ ਚਨਾਬ ਦੇ ਕਿਨਾਰੇ ਡੇਰੇ ਵਿਖੇ ਰਹਿਣ ਲਗੇ । ਉਥੇ ਸਪੁੱਤਰ ਅਜੈ ਸਿੰਘ ਪੈਦਾ ਹੋਇਆ । ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ । ਦੁਸ਼ਟ ਬਹਾਦਰ ਸ਼ਾਹ ਲਾਹੌਰ ਵਿਖੇ ੧੮ ਫਰਵਰੀ ੧੭੧੨ ਨੂੰ ਕਬਰ ਵਿਚ ਦਫਨ ਹੋ ਗਿਆ ਤਾਂ ਦੁਸ਼ਟ ਫਰਖਸੀਅਰ ਬਾਦਸ਼ਾਹ ਬਣ ਕੇ ਹੋਰ ਜ਼ੁਲਮ ਕਰਨ ਲੱਗਾ। ਉਸ ਨੇ ਜਾਗੀਰਦਾਰ ਸਿੱਖਾਂ ਨੂੰ ਸੁੱਖ ਸਹੂਲਤਾਂ ਜਾਗੀਰਾਂ ਦੇ ਕੇ ਸੂਰਬੀਰ ਸਿੰਘਾਂ ਵਿਚ ਆਪਸੀ ਫੁੱਟ ਪਵਾ ਦਿਤੀ ਗਈ । ਮਾਰਚ ੧੭੧੫ ਨੂੰ ਬਾਬਾ ਬੰਦਾ ਸਿੰਘ ਬਹਾਦਰ ਤੇ ਹੋਰ ਸਿੰਘ ਗੁਰਦਾਸ ਨੰਗਲ, ਕਲਾਨੌਰ ਸੇਠ ਦੁਨੀ ਚੰਦ ਦੀ ਹਵੇਲੀ ਵਿਖੇ ਇਕੱਠੇ ਹੋਏ ਪਰ ਦੁਸ਼ਟ ਮੁਗਲ ਹਾਕਮਾਂ ਵਲੋਂ ਸਾਰੇ ਰਸਤੇ ਬੰਦ ਕਰਕੇ ਜਬਰਦਸਤ ਹਮਲੇ ਕੀਤੇ ਗਏ, ਸਿੰਘਾਂ ਪਾਸ ਰਾਸ਼ਨ ਪਾਣੀ ਖੁਰਾਕ ਅਸਲਾ ਖਤਮ ਹੋ ਗਿਆ, ਭੁਖੇ ਭਾਣੇ ੯ ਮਹੀਨੇ ਜੂਝਦੇ ਰਹੇ ।

੭ ਦਸੰਬਰ ੧੭੧੫ ਨੂੰ ਬਾਬਾ ਬੰਦਾ ਸਿੰਘ ਬਹਾਦਰ ਆਪਣੇ ੭੦੦ ਸਿੰਘਾਂ ਦੇ ਨਾਲ ਗ੍ਰਿਫਤਾਰ ਕੀਤੇ ਗਏ, ਪਤਨੀ ਅਤੇ ਮਾਸੂਮ ਬੱਚਾ ਵੀ ਨਾਲ ਸੰਗਲਾਂ ਨਾਲ ਜਕੜ ਕੇ ਵੱਡੇ ਹਾਥੀ ਉਪਰ ਬੈਠਾ ਕੇ ਜਲੂਸ ਕੱਢਿਆ ਗਿਆ । ਬਾਕੀ ਸਿੰਘਾਂ ਨੂੰ ਊਠਾਂ ਅਤੇ ਗੱਡਿਆਂ ਵਿਚ ਲੱਦਿਆ ਗਿਆ । ਲਾਹੌਰ ਤੋਂ ਜ਼ਕਰੀਆ ਖਾਨ ਦੇ ਨਾਲ ਦਿੱਲੀ ੨੯ ਫਰਵਰੀ ੧੭੧੬ ਪਹੁੰਚੇ। ਚਾਂਦਨੀ ਚੌਕ ਕੋਤਵਾਲੀ ਦੇ ਸ਼ਹੀਦੀ ਅਸਥਾਨ ਵਿਖੇ ਅਕਾਲ ਪੁਰਖ ਪਿਤਾ ਅੱਗੇ ਅਰਦਾਸ ਕੀਤੀ ਕਿ ਹੋਰ ਬਲ ਬਖਸ਼ੇ, ਕੋਤਵਾਲ ਸਰਬਰਾਹ ਖਾਨ ਨੇ ਇਸਲਾਮ ਧਰਮ ਕਬੂਲ ਕੀਤੇ ਜਾਣ ਵਾਸਤੇ ਅਨੇਕਾਂ ਪ੍ਰਕਾਰ ਦੇ ਲਾਲਚ ਦਿੱਤੇ, ਪਰ ਸਾਰੇ ਸਿੰਘ ਡਟੇ ਰਹੇ ।

ਇਨਾਂ ਦਿਨਾਂ ਵਿੱਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਜਾਹਨ ਸਰਮਨ ਐਡਵਰਡ ਸਟੈਫਸ਼ਨ ਬੰਗਾਲ ਤੋਂ ਦਿੱਲੀ ਦੇ ਮੁਗਲ ਬਾਦਸ਼ਾਹ ਫਰਖਸ਼ੀਅਰ ਨੂੰ ਮਿਲਣ ਆਏ ਸਨ ਕਿ ਵਾਪਾਰ ਕਰਨ ਦੀ ਆਗਿਆ ਦਿੱਤੀ ਜਾਵੇ ਇਨ੍ਹਾਂ ਅੰਗਰੇਜ਼ ਹਾਕਮਾਂ ਨੇ ੭੦੦ ਸਿੰਘਾਂ ਦੇ ਜਲੂਸ ਆਪ ਵੇਖੇ ਸ਼ਹੀਦੀਆਂ ਵੇਖੀਆਂ ਹੈਰਾਨ ਹੋ ਗਏ ਕਿ ਕਿਸੇ ਨੇ ਵੀ

Sri Satguru Jagjit Singh Ji eLibrary NamdhariElibrary@gmail.com

ਧਰਮ ਤਬਦੀਲ ਨਹੀਂ ਕੀਤਾ । ਇਹ ਧਰਮੀ ਸਿੰਘ ਮਰਜੀਵੜੇ ਹਨ । ਇਨ੍ਹਾਂ ਅੰਗਰੇਜ਼ ਹਾਕਮਾਂ ਉਪਰ ਖਾਲਸੇ ਦੀ ਤਾਕਤ ਦਾ ਬੜਾ ਅਸਰ ਹੋਇਆ ।

੯ ਜੂਨ ੧੭੧੬ ਨੂੰ ਬਾਬਾ ਬੰਦਾ ਸਿੰਘ ਬਹਾਦਰ ਲਾਲ ਕਿਲੇ ਵਿਚੋਂ ਭਾਰੀ ਜਲੂਸ ਨਾਲ ਕੁਤਬ ਮਿਨਾਰ, ਮਹਿਰੌਲੀ ਵਿਖੇ ਪਹੁੰਚੇ ਅਤੇ ਭਾਈ ਬਾਜ ਸਿੰਘ, ਭਾਈ ਫਤਹਿ ਸਿੰਘ, ਭਾਈ ਆਲੀ ਸਿੰਘ, ਬਖਸ਼ੀ ਗੁਲਾਬ ਸਿੰਘ ਨੂੰ ਸ਼ਹੀਦ ਕਰ ਦਿੱਤਾ । ੪ ਸਾਲ ਦੇ ਮਾਸੂਮ ਬੱਚੇ ਅਜੈ ਸਿੰਘ ਦਾ ਕਲੇਜਾ, ਜਲਾਦ ਨੇ ਕਢ ਕੇ ਬਾਬਾ ਬੰਦਾ ਸਿੰਘ ਦੇ ਮੂੰਹ ਵਿੱਚ ਤੁਨਿਆ, ਗਰਮ ਸਲਾਖਾਂ ਨਾਲ ਅੰਨ੍ਹਾਂ ਕਰ ਦਿੱਤਾ ਗਿਆ । ਉਮਰ ਕੇਵਲ ੪੭ ਸਾਲ ਸੀ । ਪਤਨੀ ਸੁਸ਼ੀਲ ਕੌਰ ਨੂੰ ਬੇਗਮ ਬਣਾਉਣ ਲਈ ਕਿਹਾ ਤਾਂ ਉਸ ਦੇ ਇਨਕਾਰ ਕੀਤੇ ਜਾਣ ਤੇ ਕਤਲ ਕਰਵਾ ਕੇ ਜਮਨਾ ਵਿੱਚ ਸੁਟਵਾ ਦਿੱਤਾ ਗਿਆ, ਸ਼ਹੀਦੀ ਅਸਥਾਨ ਵਿਖੇ ਸੁੰਦਰ ਗੁਰਦੁਆਰੇ ਮਹਿਰੌਲੀ ਵਿਖੇ ਹਨ । ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਐਲਾਨ ਰਾਜ ਕਰੇਗਾ ਖਾਲਸਾ ਨੂੰ ਅਮਲੀ ਜਾਮਾਂ ਪਹਿਨਾਉਂਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਯਮਨਾ ਤੋਂ ਸਤਲੁਜ ਤਕ ਖਾਲਸਾ ਹਲੇਮੀ ਰਾਜ ਕਾਇਮ ਕਰ ਦਿੱਤਾ । ਦੁਸ਼ਟ ਮੁਗਲ ਰਾਜ ਨੂੰ ਖਤਮ ਕਰ ਦਿੱਤਾ । ਰਾਜਧਾਨੀ ਲੋਹਗੜ੍ਹ ਸਢੌਰਾ-ਨਾਹਨ ਵਿਚਕਾਰ ਕਾਇਮ ਕੀਤੀ ਗਈ । ਸਿੱਕਾ ਅਤੇ ਮੁਹਰ ਵੀ ਗੁਰੂ ਸਾਹਿਬਾਨ ਦੇ ਨਾਮ ਤੇ ਚਲਾਏ ਗਏ । ਅਕਾਲ ਪੁਰਖ ਦਾ ਸ਼ੁਕਰ ਕਰਦੇ ਹੋਏ ਸ਼ਹੀਦੀਆਂ ਪ੍ਰਵਾਨ ਕੀਤੀਆਂ ।

ਇਤਿਹਾਸਕਾਰ ਰਤਨ ਸਿੰਘ ਭੰਗੂ ਵਲੋਂ ਦੁਸ਼ਟ ਅੰਗਰੇਜ਼ ਹਾਕਮ ਕੈਪਟਨ ਮਰੇ ਦੇ ਕਹਿਣ ਤੇ ਪੰਥ ਪ੍ਰਕਾਸ਼ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੌਮ ਤੋਂ ਗਦਾਰੀ ਕਰਨ ਬਾਰੇ ਸਰਾਸਰ ਗਲਤ ਲਿਖਿਆ ਹੈ, ਬੰਦਾ ਬਹਾਦਰ ਦੀ ਮਹਾਨ ਸ਼ਹੀਦੀ ਨੂੰ ਗਲਤ ਲਿਖਵਾ ਕੇ ਬਦਨਾਮ ਕੀਤਾ ਹੈ । ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਖਾਲਸਾ ਰਾਜ ਕਾਇਮ ਕਰਨਾ, ਦੁਸ਼ਟ ਮੁਗਲਾਂ ਨਵਾਬ ਸਰਹੰਦ ਨੂੰ ਕਤਲ ਕਰਨਾ, ਅਦੁੱਤੀ ਹੈ ।

ਹੁਣ ੧੨ ਤੋਂ ੧੪ ਮਈ ੨੦੧੦ ਤੱਕ ੩੦੦ ਸਾਲਾ ਫਤਹਿ ਦਿਵਸ ਚੱਪੜਚਿੜੀ ਜੋ ਲਾਂਡਰਾ ਤੋਂ ਖਰੜ ਰੋਡ ਤੇ ਹੈ ਭਾਰੀ ਰੌਣਕਾਂ ਨਾਲ ਮਨਾਏ ਜਾ ਰਹੇ ਹਨ । ਫਤਹਿ ਮਾਰਚ ਰਾਜੌਰੀ (ਜੰਮੂ ਕਸ਼ਮੀਰ), ਗੁਰਦੂਆਰਾ ਬੰਦਾ ਘਾਟ ਸਾਹਿਬ-ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਅਤੇ ਗੁਰਦੁਆਰਾ ਗੁਰਦਾਸ ਨੰਗਲ ਕਾਹਨੂੰਵਾਨ ਤੋਂ ਕੱਢੇ ਜਾ ਰਹੇ ਹਨ।

ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀਆਂ ਅਦੁੱਤੀ ਸ਼ਹਾਦਤਾਂ ਤੇ ਕੁਰਬਾਨੀਆਂ ਨੂੰ ਲੱਖ-ਲੱਖ ਪ੍ਰਣਾਮ ।

**ਰਾਜ ਕਰੇਗਾ**
**ਖਾਲਸਾ**
**ਆਕੀ ਰਹੇ**
**ਨ ਕੋਇ ॥**

Sri Satguru Jagjit Singh Ji eLibrary NamdhariElibrary@gmail.com

# ਪਹਿਲਾ ਸਿੱਖ ਹੁਕਮਰਾਨ–ਬਾਬਾ ਬੰਦਾ ਸਿੰਘ ਬਹਾਦਰ

– ਡਾ. ਜਸਬੀਰ ਸਿੰਘ ਆਹਲੂਵਾਲੀਆ *

ਇਸ ਸਾਲ (ਚੰਡੀਗੜ੍ਹ ਨੇੜੇ) ਚੱਪੜਚਿੱੜੀ ਵਿਖੇ ਹੋਏ ਫੈਸਲਾ–ਕੁੰਨ ਯੁੱਧ ਦੀ ਤੀਜੀ ਸ਼ਤਾਬਦੀ ਸਮੂਹ ਸਿੱਖ ਜਗਤ ਵਲੋਂ, ਵਿਸ਼ਵ–ਭਰ ਵਿੱਚ, ਬੜੇ ਉਤਸ਼ਾਹ ਨਾਲ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ । ੧੨ ਮਈ ੧੭੧੦ ਨੂੰ ਹੋਏ ਇਸ ਯੁੱਧ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠਾਂ ਖਾਲਸਾ ਫੌਜ ਨੇ ਮੁਗਲ ਫੌਜ ਨੂੰ ਭਾਰੀ ਸ਼ਿਕਸਤ ਦੇ ਕੇ ਖਾਲਸਾ ਰਾਜ ਦੀ ਸਥਾਪਨਾ ਦਾ ਰਾਹ ਤਿਆਰ ਕੀਤਾ; ਦੋ ਦਿਨਾਂ ਬਾਅਦ ਸਰਹੰਦ ਨੂੰ ਖਾਲਸਾ ਨੇ ਫਤਹਿ ਕੀਤਾ ਅਤੇ ਕੁਝ ਹੀ ਮਹੀਨਿਆਂ ਵਿੱਚ ਯਮਨਾ ਤੋਂ ਲੈ ਕੇ ਸਤਲੁਜ ਤੱਕ ਦਾ ਇਲਾਕਾ ਮੁਗਲ ਰਾਜ ਦੀ ਗੁਲਾਮੀ ਤੋਂ ਆਜ਼ਾਦ ਕਰਵਾਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸੰਨ ੧੭੧੦ ਵਿੱਚ ਸੁਤੰਤਰ, ਪ੍ਰਭੂਸੱਤਾ–ਪ੍ਰਾਪਤ ਸਿੱਖ ਰਾਜ ਕਾਇਮ ਕੀਤਾ, ਜਿਸ ਦੀ ਰਾਜਧਾਨੀ ਲੋਹਗੜ੍ਹ ਸੀ । ਖਾਲਸਾ ਰਾਜ ਦੇ ਚਿੰਨ੍ਹ ਵਜੋਂ ਬੰਦਾ ਸਿੰਘ ਬਹਾਦਰ ਨੇ ਹੇਠਲੀ ਇਬਾਰਤ ਨਾਲ ਨਵਾਂ ਖਾਲਸਾਈ ਸਿੱਕਾ ਜਾਰੀ ਕੀਤਾ :

ਸਿੱਕਾ ਜ਼ਦ ਬਰ ਹਰ ਦੋ ਆਲਮ
ਤੇਗਿ ਨਾਨਕ ਵਾਹਿਬ ਅਸਤ
ਫਤਹਿ ਗੋਬਿੰਦ ਸਿੰਘ ਸ਼ਾਹਿ ਸ਼ਾਹਾਨ
ਫਜ਼ਲਿ ਸਚਾ ਸਾਹਿਬ ਅਸਤ

ਸਰਕਾਰੀ ਖਾਲਸਾਈ ਮੋਹਰ ਵੀ ਜਾਰੀ ਕੀਤੀ ਜਿਸ ਵਿੱਚ ਵੀ, ਸਿੱਕੇ ਦੀ ਇਬਾਰਤ ਵਾਂਗ, ਗੁਰੂ ਨਾਨਕ– ਗੁਰੂ ਗੋਬਿੰਦ ਸਿੰਘ ਜੀ ਨੂੰ ਚਿਤਵਿਆ ਗਿਆ ਸੀ :–

ਦੇਗ–ਓ–ਤੇਗ–ਓ ਨੁਸਰਤ ਬੇਦਰੰਗ
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਇਸ ਤੱਥ ਦੀ ਬਹੁਤ ਅਹਿਮੀਅਤ ਹੈ ਕਿ ਸਿੱਕੇ ਅਤੇ ਮੋਹਰ ਦੀਆਂ ਇਬਾਰਤਾਂ ਵਿੱਚ ਗੁਰੂ ਸਾਹਿਬਾਨ ਦੀ ਫਤਹਿ, ਗੁਰੂ ਸਾਹਿਬਾਨ ਦੀ ਬਖਸ਼ਿਸ਼ ਨੂੰ ਸਿਮਰਿਆ ਗਿਆ ਹੈ । ਬੰਦਾ ਸਿੰਘ ਬਹਾਦਰ ਨੇ ਆਪਣੇ ਨਾਮ ਦਾ ਸਿੱਕਾ ਨਹੀਂ ਚਲਾਇਆ, ਨਾ ਹੀ ਖਾਲਸਾਈ ਜਿੱਤ ਨੂੰ ਆਪਣੀ ਸ਼ਖਸ਼ੀ ਜਿੱਤ ਐਲਾਨਿਆਂ। ਮੱਧ ਕਾਲ ਵਿੱਚ ਜਦੋਂ ਬਾਦਸ਼ਾਹ ਆਪਣੇ ਨਾਮ ਦਾ ਸਿੱਕਾ ਜਾਰੀ ਕਰਦੇ ਹੁੰਦੇ ਸਨ, ਉਦੋਂ ਇਸ ਪ੍ਰਥਾ ਤੋਂ ਹੱਟ ਕੇ ਨਿੱਜ ਦੀ ਥਾਂ ਗੁਰੂ ਦੇ ਨਾਂ ਤੇ ਸਿੱਕਾ ਚਲਾਉਣਾ ਸਿੱਖ ਪ੍ਰਭੁੱਤਾ ਦੇ ਰੀਪਬਲੀਕਨ ਕਿਰਦਾਰ ਦਾ ਇੱਕ ਅਹਿਮ ਪਹਿਲੂ ਹੈ, ਜਿਸ ਨੂੰ ਆਧੁਨਿਕ ਯੁੱਗ ਨੇ ਅਪਣਾਇਆ ਹੈ ।

ਪੰਜਾਬ ਦੀ ਫਤਹਿ ਨਾਲ ਬੰਦਾ ਸਿੰਘ ਬਹਾਦਰ ਨੇ ਉਸ ਮਿਸ਼ਨ ਦੀ ਪੂਰਤੀ ਕੀਤੀ ਜੋ ਮਿਸ਼ਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਸਾਹਿਬ ਵਿਖੇ, ਸੰਨ ੧੭੦੮, ਵਿੱਚ ਮਾਧੋਦਾਸ (ਲਛਮਨਦਾਸ) ਬੈਰਾਗੀ ਦੀ ਅੰਮ੍ਰਿਤ ਦੀ ਦਾਤ ਨਾਲ ਕਾਇਆ ਕਲਪ ਕਰਕੇ, ਉਸ ਨੂੰ ਨਵਾਂ ਨਾਮ ਗੁਰਬਖਸ਼ ਸਿੰਘ, ਪ੍ਰਦਾਨ ਕਰਕੇ, ਉਸ ਨੂੰ ਆਪਣਾ ਬੰਦਾ ਸਵੀਕਾਰ ਕਰਦਿਆਂ, ਉਸ ਮਹਾਨ

* (ਵਾਈਸ ਚਾਂਸਲਰ– ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਹਿਗੜ੍ਹ ਸਾਹਿਬ), ਕੋਠੀ ਨੰ: ੧੬੦੭, ਸੈਕਟਰ ੩੩–ਡੀ, ਚੰਡੀਗੜ੍ਹ ।

Sri Satguru Jagjit Singh Ji eLibrary NamdhariElibrary@gmail.com

ਯੋਧੇ ਨੂੰ ਸੌਂਪਿਆ ਸੀ । ਪੰਜਾਬ ਨੂੰ, (ਜਾਂ ਵਡੇਰੇ ਅਰਥਾਂ ਵਿੱਚ ਸਾਰੇ ਭਾਰਤ ਨੂੰ) ਮੁਗਲ ਤਾਨਾਸ਼ਾਹੀ ਨਿਜ਼ਾਮ ਤੋਂ ਨਿਜਾਤ ਦਿਲਾਉਣ ਲਈ ਗੁਰੂ ਸਾਹਿਬ ਨੇ ਬੰਦਾ ਸਿੰਘ ਬਹਾਦਰ ਨੂੰ ਪੰਜ ਤੀਰ, ਨਗਾਰਾ ਅਤੇ ਨਾਲ ਬਾਜ ਸਿੰਘ ਸਮੇਤ ਪੰਜ ਸਿੰਘ ਵੀ ਨਾਲ ਭੇਜੇ। ਵਿਸ਼ਾਲ ਪੰਜਾਬ ਦੇ ਸਿੰਘਾਂ ਨੂੰ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਜੂਝਣ ਲਈ ਗੁਰੂ ਸਾਹਿਬ ਨੇ ਆਪਣੇ ਹੁਕਮਨਾਮੇ ਵੀ ਬੰਦਾ ਸਿੰਘ ਬਹਾਦਰ ਨੂੰ ਸੌਂਪੇ, ਜਿਨ੍ਹਾਂ ਦੀ ਕਨਸੋਅ ਸੁਣਦਿਆਂ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੂਰਮੇ ਫੌਰਨ ਬੰਦਾ ਸਿੰਘ ਬਹਾਦਰ ਦੇ ਅੰਗ-ਸੰਗ ਹੋ ਤਿਆਰ-ਬਰ-ਤਿਆਰ ਹੋ ਗਏ । ਖਾਲਸਾ ਸ਼ਕਤੀ ਦਾ ਤੂਫਾਨ ਵਾਂਗ ਉਥਾਨ ਹੋਇਆ, ਜਿਸ ਅੱਗੇ ਮੁਗਲ ਰਾਜ ਦੀਆਂ ਜੜ੍ਹਾਂ ਹੀ ਹਿੱਲ ਗਈਆਂ । ਬੰਦਾ ਸਿੰਘ ਬਹਾਦਰ ਦੀ ਯੁੱਧ-ਸ਼ਕਤੀ, ਯੁੱਧ-ਨੀਤੀ, ਅਤੇ ਯੁੱਧ ਸਫਲਤਾਵਾਂ ਸਦਕਾ ਉਸਦਾ ਸਥਾਨ ਸਕੰਦਰ, ਨੈਪੋਲੀਅਨ, ਆਦਿ ਸੰਸਾਰ-ਪ੍ਰਸਿੱਧ ਫੌਜੀ ਜਰਨੈਲਾਂ ਦੀ ਲੜੀ ਵਿੱਚ ਗਿਣਿਆ ਜਾਣਾ ਬਣਦਾ ਹੈ। (ਪਰ ਅਸਾਂ ਆਪਣੇ ਹੀਰਿਆਂ (ਹੀਰੋਆਂ) ਦਾ ਮੁੱਲ ਕਦੋਂ ਪਹਿਚਾਣਿਆ ਹੈ ? ਰੋਟੀ ਦੇ ਟੁਕੜਿਆਂ ਖਾਤਰ, ਹੋਰਨਾਂ ਦੇ ਸ਼ੀਸ਼ੇ ਦੇ ਟੋਟਿਆਂ ਨੂੰ ਹੀ ਆਪਣੇ ਹੀਰੇ (ਹੀਰੋ) ਬਣਾਏ ਹਨ ।

ਬੰਦਾ ਸਿੰਘ ਬਹਾਦਰ ਦੀ ਇਤਿਹਾਸਕ ਮਹੱਤਤਾ, ਇਤਿਹਾਸਕ ਦੇਣ, ਇੱਕ ਮਹਾਨ ਯੋਧੇ ਤੋਂ ਕਿਤੇ ਵੱਧ, ਖਾਲਸਾ ਰਾਜ ਦੇ ਮੋਢੀ ਤੋਂ ਵੀ ਵੱਧ ਹੈ । ਰਾਜ-ਭਾਗ ਸੰਭਾਲਦਿਆਂ ਹੀ ਬੰਦਾ ਸਿੰਘ ਬਹਾਦਰ ਨੇ ਨੀਵੀਆਂ ਤੋਂ ਵੀ ਨੀਵੀਆਂ ਜਾਤਾਂ 'ਚ ਤਸੱਵਰ ਹੁੰਦੇ - ਨਾਲੀਆਂ ਸਾਫ ਕਰਨ ਵਾਲੇ, ਚਮੜੇ ਦੀ ਕਾਰ ਕਰਨ ਵਾਲਿਆਂ ਨੂੰ ਸਿੰਘ ਸਜਾ ਕੇ ਹਾਕਮ ਬਣਾਇਆ ਜਿਵੇਂ ਕਿ ਵਿਲੀਅਮ ਇਰਵਿਨ ਨੇ ਆਪਣੀ ਪੁਸਤਕ 'ਲੇਟਰ ਮੁਗਲਜ਼' ਵਿੱਚ ਲਿਖਿਆ ਹੈ । ''ਜ਼ਿਮੀਦਾਰੀ, ਰਜਵਾੜਾਸ਼ਾਹੀ ਨਿਜ਼ਾਮ ਨੂੰ ਜੜ੍ਹੋਂ ਪੁੱਟਣ ਲਈ ਭੂੰਮੀ-ਵਾਹਕਾਂ ਨੂੰ ਭੂੰਮੀ ਦੇ ਮਾਲਕ ਬਣਾਇਆ । ਇਹ ਭਾਰਤ ਦਾ ਹੁਣ ਤਕ ਦਾ ਇਕੋ ਇਕ ਕਿਰਸਾਨੀ ਇਨਕਲਾਬ ਹੈ, ਜਿਸ ਦੀ ਭਾਰਤ ਵਿੱਚ ਕਿਧਰੇ ਕੋਈ ਹੋਰ ਮਿਸਾਲ ਨਹੀਂ ਮਿਲਦੀ ।''

ਪਰ ਕਿਉਂਕਿ ਮਿਸਲਾਂ ਦੇ ਸਮੇਂ ਤੋਂ ਬਾਅਦ ਸਿੱਖ ਲਹਿਰ ਭੂਪਵਾਦੀ ਹੋ ਗਈ ਸੀ, ਇਸ ਲਈ ਸਿੱਖ ਇਤਿਹਾਸਕਾਰ, ਸਿੱਖ ਚਿੰਤਕ, ਇਸ ਕਿਰਸਾਨੀ ਇਨਕਲਾਬ ਨੂੰ ਅਣਡਿੱਠ ਹੀ ਕਰਦੇ ਆ ਰਹੇ ਹਨ । ਸਿੱਖ ਲਹਿਰ ਦੇ ਭੂਪਵਾਦੀ ਹੋ ਜਾਣ ਕਾਰਨ ਹੀ ਸਿੱਖ ਫਲਸਫੇ ਦਾ ਵੇਦਾਂਤੀ ਕਰਨ ਹੋਇਆ ਅਤੇ ਸਿੱਖ ਸਮਾਜ ਦਾ ਬ੍ਰਾਹਮਣੀਕਰਨ ।

ਹੁਣ ਜਦ ਕਿ ਅਸੀਂ ਇਸ ਸਾਲ ਚੱਪੜਚਿੜੀ ਯੁੱਧ ਦੀ ਤੀਜੀ ਸ਼ਤਾਬਦੀ ਮਨਾ ਰਹੇ ਹਨ ਤਾਂ ਇਸ ਅਵਸਰ ਤੇ ਇਹ ਬਹੁਤ ਜ਼ਰੂਰੀ ਹੈ ਕਿ ਬੰਦਾ ਸਿੰਘ ਬਹਾਦਰ ਦਾ ਪੁਨਰ-ਮੁਲਾਂਕਣ ਕੀਤਾ ਜਾਵੇ, ਕਿਉਂਕਿ ਸਾਡੇ ਬਹੁਤੇ ਪੁਰਾਣੇ 'ਤੇ ਅਜੋਕੇ ਸਿੱਖ ਇਤਿਹਾਸਕਾਰ ਰਤਨ ਸਿੰਘ ਭੰਗੂ ਰਚਿਤ ''ਪ੍ਰਾਚੀਨ ਪੰਥ ਪ੍ਰਕਾਸ਼'' ਦੀਆਂ ਸਵੈ-ਘੜਤ ਸਾਖੀਆਂ ਦੇ ਪਿਛੇ-ਲਗ ਬਣੇ ਲੀਹੋਂ ਲੀਹ ਤੁਰੇ ਆ ਰਹੇ ਹਨ । ਰਤਨ ਸਿੰਘ ਭੰਗੂ ਨੇ ਬੰਦਾ ਸਿੰਘ ਬਹਾਦਰ ਸਬੰਧੀ ਤੱਥਾਂ ਨੂੰ ਤੋੜਣ-ਮਰੋੜਨ, ਉਸ ਦੇ ਅਕਸ ਨੂੰ ਵਿਗਾੜਣ, ਉਸ ਨੂੰ ਗੁਰੂ ਤੋਂ ਬੇਮੁਖ ਹੋਣ, ਅਤੇ ਉਸ ਦਾ ਚਰਿਤ੍ਰ-ਨਾਸ ਕਰਨ ਵਿਚ ਕੋਈ ਕਸਰ ਨਹੀਂ ਛੱਡੀ । ਹੋਰ ਤਾਂ ਹੋਰ ਰਤਨ ਸਿੰਘ ਭੰਗੂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸੁੰਦਰੀ ਜੀ ਨੂੰ ਆਪਣੀ ਕਲਮ ਦੇ ਵਾਰ ਹੇਠ ਲਿਆਉਣ ਦਾ ਯਤਨ ਵੀ ਕੀਤਾ ਹੈ ।

Sri Satguru Jagjit Singh Ji eLibrary NamdhariElibrary@gmail.com

ਰਤਨ ਸਿੰਘ ਭੰਗੂ ਨੇ ਆਪਣੇ "ਸ੍ਰੀ ਗੁਰੂ ਪੰਥ ਪ੍ਰਕਾਸ਼" ਵਿਚ (ਜਿਸ ਨੂੰ ਬਾਅਦ ਵਿਚ "ਪ੍ਰਾਚੀਨ ਪੰਥ ਪ੍ਰਕਾਸ਼" ਦੇ ਨਾਂ ਨਾਲ ਜਾਣਿਆ ਜਾਂਦਾ ਹੈ), ਖ਼ੁਦ ਲਿਖਿਆ ਹੈ ਕਿ ਇਹ ਗ੍ਰੰਥ ਉਸ ਨੇ ਅੰਗ੍ਰੇਜ਼ ਸਰਕਾਰ ਦੇ ਨੁਮਾਇੰਦੇ, ਕੈਪਟਨ ਮੱਰੇ, ਦੇ ਕਹਿਣ ਤੇ ਰਚਿਆ, ਅਤੇ ਜਿਸ ਵਿਚ ਜੋ, ਸਭ ਜੋ ਸਾਲ ਵਿਚ ਚਲੀਆਂ ਆ ਰਹੀਆਂ ਸਾਖੀਆਂ ਨੂੰ ਹੀ ਆਧਾਰ ਬਣਾਇਆ ਹੈ । ਸਾਰੇ ਭਾਰਤ ਵਿਚ ਪੈਰ ਪਸਾਰ ਰਹੇ ਅੰਗ੍ਰੇਜ਼ ਸਾਮਰਾਜ ਦੀ ਅੱਖ ਪੰਜਾਬ ਨੂੰ ਹੜੱਪਣ ਤੇ ਲਗੀ ਹੋਈ ਹੀ ਸੀ। ਜੋ ਅੰਗ੍ਰੇਜ਼ਾਂ ਨੂੰ ਅਜਿਹੀਆਂ ਧਾਰਨਾਵਾਂ ਚਾਹੀਦੀਆਂ ਸਨ ਜਿਸ ਵਿਚ ਸਿੱਖ ਧਰਮ ਦੇ ਮੰਦੀ ਨੂੰ ਲਗਾਇਆ ਹੋਵੇ, 'ਬੰਦਈ ਖ਼ਾਲਸਾ' ਅਤੇ 'ਤੱਤ ਖ਼ਾਲਸਾ' ਨੂੰ ਇਕ ਦੂਸਰੇ ਦੇ ਵਿਰੋਧ ਵਿਚ ਖੜਾ ਕੀਤਾ ਗਿਆ ਹੋਵੇ । "ਪ੍ਰਾਚੀਨ ਪੰਥ ਪ੍ਰਕਾਸ਼" ਅੰਗ੍ਰੇਜ਼ਾਂ ਦੀ ਇਸ ਕਸਵੱਟੀ ਤੇ ਪੂਰਾ ਉਤਰਦਾ ਹੈ । ਆਓ ਦੇਖੀਏ ਕਿਵੇਂ :

"ਪ੍ਰਾਚੀਨ ਪੰਥ ਪ੍ਰਕਾਸ਼" ਤੋਂ ਇਹੋ ਜ਼ਾਹਰ ਹੁੰਦਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਅੰਮ੍ਰਿਤ ਛਕਣ ਤੋਂ ਨਾਂਹ ਕੀਤੀ ਜਾਂ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਅੰਮ੍ਰਿਤ ਦੀ ਦਾਤ ਦੇ ਯੋਗ ਨਹੀਂ ਸਮਝਿਆ । ਡਾ. ਗੰਡਾ ਸਿੰਘ ਨੇ ਆਪਣੀ ਪੁਸਤਕ "ਬੰਦਾ ਸਿੰਘ ਬਹਾਦਰ" ਵਿਚ ਅਨੇਕਾਂ ਪ੍ਰਾਚੀਨ ਅਤੇ ਸਮਕਾਲੀਨ ਹਵਾਲੇ ਦੇਕੇ ਸਿੱਧ ਕੀਤਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਅੰਮ੍ਰਿਤ ਛਕਿਆ ਸੀ । ਪਰ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜਦੋਂ ਦਸਮੇਸ਼ ਜੀ ਨੇ ਪੰਜਾਬ ਫਤਹਿ ਕਰਨ ਦਾ ਮਿਸ਼ਨ ਬੰਦਾ ਸਿੰਘ ਬਹਾਦਰ ਨੂੰ ਸੌਂਪਿਆ ਤਾਂ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਹੀ ਕਈ ਅੰਮ੍ਰਿਤਧਾਰੀ ਸਿੰਘ ਬੰਦਾ ਬਹਾਦਰ ਨਾਲੋਂ ਰੁੱਸ ਪਏ ਹੋ ਗਏ, ਤੇ ਗੁਰੂ ਸਾਹਿਬ ਵਲੋਂ ਬੰਦਾ ਬਹਾਦਰ ਨੂੰ ਬਖ਼ਸ਼ਿਸ਼ਾਂ ਪੰਜਾਂ ਦੀ ਉਸ ਤੇ ਬੋਧ (ਭੀਨ) ਕਿਹਾ । ਇਹ ਵਿਟਰਣਾ (ਬਗਾਵਤ) ਇਸ ਲਈ ਸੀ ਕਿ ਗੁਰੂ ਸਾਹਿਬ ਨੇ ਇਕ ਗੈਰ-ਅੰਮ੍ਰਿਤਧਾਰੀ ਨੂੰ ਖ਼ਾਲਸੇ ਦੀ ਕਮਾਨ ਕਿਉਂ ਸੌਂਪ ਦਿੱਤੀ ਹੈ :-

ਬੰਦਾ ਗੁਰ ਪੰਜਾ ਦਏ,
ਲਖੇ ਉਨੈ ਨਾਲ ਪਾਇ ॥
ਖ਼ਾਲਸੇ ਦੇਖ ਜੁ ਵਿਟਰਿਓ,
ਤਿਨ ਪੰਡੇ ਲਖੇ ਛਿਨਾਇ ॥

ਇਸ ਮਨੋ-ਘੜਤ (ਜਾਂ ਉਸ ਅਨੁਸਾਰ ਸੁਣੀ ਸੁਣਾਈ) ਘਟਨਾ ਤੋਂ ਬੰਦਾ ਸਿੰਘ ਬਹਾਦਰ ਦਾ ਬਚਾਅ ਰਤਨ ਸਿੰਘ ਭੰਗੂ ਖ਼ੁਦ ਕਰਦਾ ਹੈ । ਅੱਜ ਤੱਕ ਸਿੱਖ ਮਾਨਸਿਕਤਾ ਵਿਚ ਇਹ ਗੱਲ ਧੁਰ ਕਰਵਾਈ ਗਈ ਹੈ ਕਿ ਗੁਰੂ ਸਾਹਿਬ ਨੇ ਬੰਦਾ ਸਿੰਘ ਬਹਾਦਰ ਨੂੰ ਇਸ ਮਨੋਰਥ ਲਈ ਪੰਜਾਬ ਰਵਾਨਾ ਕੀਤਾ ਤਾਂ ਕਿ ਉਹ (ਰਤਨ ਸਿੰਘ ਭੰਗੂ ਅਨੁਸਾਰ) 'ਸਾਹਿਬਜ਼ਾਦਾ ਘਾਤੀਆਂ' ਨੂੰ ਮਾਰ-ਮੁਕਾਵੇ, ਸਰਹੰਦ ਦੀ ਇਟ ਨਾਲ ਇਟ ਖੜਕਾਏ, ਸੂਬਾ ਸਰਹੰਦ ਨੂੰ ਨੇਸਤੋ ਨਾਬੂਦ ਕਰੇ । ਕਿਉਂਕਿ ਨਵਾਬ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਸੀ । ਸਿੱਖ ਮਾਨਸਿਕਤਾ ਵਿਚ ਘਰ ਕਰ ਚੁਕੀ ਇਹ 'ਬਦਲਾ-ਲਊ' ਧਾਰਨਾ ਗਲਤ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਜਿਹੀ ਕੋਈ ਗੱਲ ਨਹੀਂ ਕਹੀ । ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਆਪਣੀ ਝੋਲੀ ਵਿਚ ਲੈਂਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਕੋਈ ਬਦਲਾ-ਲਊ ਪ੍ਰਤਿਕਰਮ ਨਹੀਂ ਪ੍ਰਗਟਾਇਆ । ਫਿਰ ਆਖਰੀ ਰੂਪ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਆਪਣੇ ਸਪੁੱਤਰਾਂ ਦੀ ਕੁਰਬਾਨੀ ਦੇ ਸਨਮੁੱਖ ਕੋਈ ਬਦਲਾ-ਖ਼ੋਰ ਪ੍ਰਤਿਕਰਮ ਦਰਸਾਉਂਦੇ ? ਇਹ ਸੋਚਿਆ

ਵੀ ਨਹੀਂ ਜਾ ਸਕਦਾ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਬੰਦਾ ਬਹਾਦਰ ਨੂੰ ਮੁਗਲ ਤਾਨਾਸ਼ਾਹੀ ਤੋਂ ਪੰਜਾਬ ਨੂੰ ਆਜ਼ਾਦ ਕਰਾਉਣ ਦਾ ਮਿਸ਼ਨ ਸੌਂਪਿਆ ਸੀ । ਇਹ ਸੀ ਉਹ ਮਿਸ਼ਨ ਜੋ ਬੰਦਾ ਬਹਾਦਰ ਨੇ ਪੂਰਾ ਕੀਤਾ। ਰਤਨ ਸਿੰਘ ਭੰਗੂ ਤਾਂ ਖਾਲਸੇ ਅਤੇ ਮੁਗਲ ਰਾਜ ਵਿਚਕਾਰ ਯੁੱਧਾਂ ਨੂੰ ਵੀ ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਸੰਘਰਸ਼ ਵਜੋਂ ਪੇਸ਼ ਕਰਦਾ ਹੈ। ਇਹ ਵੀ ਗਲਤ ਧਾਰਨਾ ਹੈ । ਜੇਕਰ ਇਹਨਾਂ ਦੋਹਾਂ ਫਿਰਕਿਆਂ ਵਿੱਚ, ਜਾਂ ਦੋਹਾਂ ਮਜ਼੍ਹਬਾਂ ਵਿਚਕਾਰ, ਸੰਘਰਸ਼ ਹੁੰਦਾ ਤਾਂ ਸਰਹਿੰਦ ਨੂੰ ਫਤਹਿ ਕਰਨ ਬਾਅਦ ਉਥੋਂ ਦੀ ਮਜਦੱਦ ਅਲਫ ਸਾਨੀ ਦੀ ਮਸਜਦ 'ਤੇ ਕੋਈ ਆਂਚ ਨਹੀਂ ਆਉਣ ਦਿੱਤੀ । ਮਹਾਰਾਜਾ ਰਣਜੀਤ ਸਿੰਘ ਨੇ ਵੀ ਲਾਹੌਰ ਦੀ ਸੁਨਹਿਰੀ ਇਤਿਹਾਸਕ ਮਸਜਦ ਨੂੰ ਗਰਮ-ਖਿਆਲੀ ਸਿੰਘਾਂ ਤੋਂ ਸੁਰੱਖਿਅਤ ਰੱਖਿਆ । ਤਵਾਰੀਖ ਦੇ ਸੱਚ ਨੂੰ ਕੱਚ ਬਣਾਉਦੀਆਂ ਸਾਖੀਆਂ ਕਾਰਨ ਹੀ ੧੯੪੭ ਤੋਂ ਪਹਿਲੋਂ ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਪਾਈ ਗਈ ਖਾਈ ਨੂੰ ਰਾਜਨੀਤਕ ਮੁਫਾਦਾਂ ਨੇ ਵੱਧ ਚੜ੍ਹਕੇ ਪੇਸ਼ ਕੀਤਾ । ਜੇ ਇਹ ਪਾੜਾ ਘਟਾਉਣ ਦਾ ਯਤਨ ਕੀਤਾ ਗਿਆ ਹੁੰਦਾ ਤਾਂ ਅੱਜ ਭਾਰਤ ਦਾ ਇਤਿਹਾਸ ਸ਼ਾਇਦ ਕੁਝ ਹੋਰ ਹੀ ਹੁੰਦਾ।

''ਪ੍ਰਾਚੀਨ ਪੰਥ ਪ੍ਰਕਾਸ਼'' ਵੱਲ ਪਰਤਦਿਆਂ, ਅਗੋਂ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਪੰਜਾਬ (ਹੁਣ ਹਰਿਆਣਾ ਪ੍ਰਾਂਤ) ਪਹੁੰਚਦਿਆਂ ਹੀ ਆਪਣੇ ਆਲੇ ਦੁਆਲੇ ਲੁਟੇਰੇ ਕੱਠੇ ਕਰ ਲਏ । ਚੱਪੜਚਿੜੀ ਦੀ ਲੜਾਈ ਵੇਲੇ ਇਹ ਲੁਟੇਰੇ (ਬੰਦਈ ਖਾਲਸਾ) ਮੁਗਲ ਫੌਜਾਂ ਨਾਲ ਲੜਣ-ਭਿੜਣ ਦੀ ਥਾਂ ਸਾਥ ਛੱਡ ਭੱਜ ਗਏ:-

ਲੁਟੇਰੇ ਲੋਕ ਜਿ ਬੰਦੈ ਰਖੇ ।<br>
ਲਰਨ ਮਰਨ ਤਜ ਹੁਇ ਗਏ ਵੱਖੇ ।

ਮਝੈਲੀਏ ਸਿੰਘ (ਤੱਤ ਖਾਲਸਾ) ਹੀ ਡੱਟੇ ਰਹੇ । ਪਰ ਤੱਤ ਖਾਲਸਾ ਦੇ ਜ਼ੋਰ ਦੇਣ ਦੇ ਬਾਵਜੂਦ ਬੰਦਾ ਸਿੰਘ ਬਹਾਦਰ ਚੱਪੜਚਿੜੀ ਦੀ ਜੰਗ ਤੋਂ ਤਕਰੀਬਨ ਸਾਰਾ ਦਿਨ ਨਿਰਲੇਪ ਰਿਹਾ, ਸਿੰਘਾਂ ਨੂੰ ਸ਼ਹੀਦ ਹੁੰਦੇ ਦੇਖਦਾ ਰਿਹਾ, ਪਰ ਕਮਾਨ ਨਾ ਸੰਭਾਲੀ । ਅਖੀਰ ਨੂੰ ਬੰਦਾ ਸਿੰਘ ਬਹਾਦਰ ਨੇ ਆਪਣੀਆਂ (ਅੰਮ੍ਰਿਤ ਛਕਣ ਤੋਂ ਪਹਿਲੋਂ ਦੀਆਂ ਅਖੌਤੀ) ਰਿਧੀਆਂ ਸਿਧੀਆਂ ਦੀ ਸ਼ਕਤੀ ਨਾਲ ਇਕ ਅਜਿਹਾ ਤੀਰ ਚਲਾਇਆ ਜਿਸ ਨਾਲ ਧੂੜ ਦਾ ਤੁਫਾਨ ਛਾ ਗਿਆ ।' ਲੜ ਰਹੀਆਂ ਮੁਗਲ ਫੌਜਾਂ, ਤੇ ਉਹਨਾਂ ਦੇ ਘੋੜੇ, ਧੂੜ ਨਾਲ ਅੰਨ੍ਹੇ ਹੋ ਗਏ, 'ਤੇ ਮੁਗਲ ਫੌਜਾਂ ਆਪਸ ਵਿੱਚ ਹੀ (ਇੱਕ ਦੂਜੇ ਨੂੰ, ਅਤੇ ਸਾਥੀਆਂ, ਵੈਰੀਆਂ ਨੂੰ ਨਾ ਪਛਾਣਦਿਆਂ ਹੋਈਆਂ) ਲੜ ਭਿੜ ਹਾਰ ਗਈਆਂ :-

ਚਲਤ ਤੀਰ ਉਹ ਘਟਾ ਉਡਾਯੋ ।<br>
ਤੁਰਕਨ ਕੀ ਸੋ ਅਖੀ ਪਾਯੋ ।<br>
ਉਸੀ ਘਟਾ ਸੋਂ ਅੰਧੇ ਭਏ ।<br>
ਆਪਸ ਮੈਂ ਲਰਿ ਕੈ ਮਰਿ ਗਏ ।

ਸੋ ਰਤਨ ਸਿੰਘ ਭੰਗੂ ਅਨੁਸਾਰ ਮੁਗਲ ਫੌਜਾਂ ਦੀ ਹਾਰ ਖਾਲਸਾ ਫੌਜ ਹਥੀਂ ਨਹੀਂ ਹੋਈ, ਬਲਕਿ ਬੰਦਾ ਸਿੰਘ ਬਹਾਦਰ ਦੇ ਚਲਾਏ ਤੀਰ ਨਾਲ ਉੱਡੀ ਧੂੜ ਕਾਰਨ ਹੋਈ, ਜਿਸ ਨਾਲ ਮੁਗਲ ਫੌਜਾਂ ਅੰਨ੍ਹੀਆਂ ਹੋ ਆਪਸ ਵਿੱਚ ਹੀ ਲੜ ਭਿੜਕੇ ਹਾਰ ਗਈਆਂ। ਰਤਨ ਸਿੰਘ ਭੰਗੂ ਅਨੁਸਾਰ ਜਿੱਤ ਖਾਲਸਾ ਫੌਜਾਂ ਦੀ ਨਹੀਂ ਹੋਈ, ਜਿੱਤ ਅੰਮ੍ਰਿਤ ਦੀ ਸ਼ਕਤੀ ਦੀ ਨਹੀਂ ਹੋਈ, ਜਿੱਤ ਰਿਧੀਆਂ ਸਿੱਧੀਆਂ ਦੇ ਧਾਰਨੀ 'ਬੰਦਈ ਤੀਰ' ਦੀ ਹੋਈ । (ਸੋ ਰਤਨ ਸਿੰਘ ਭੰਗੂ ਅੰਗਰੇਜ਼ਾਂ ਨੂੰ ਸੁਨੇਹਾ ਦੇ ਰਿਹਾ ਹੈ ਕਿ ਖਾਲਸੇ ਤੋਂ ਮਤ ਡਰੋ!)

Sri Satguru Jagjit Singh Ji eLibrary NamdhariElibrary@gmail.com

ਏਥੇ ਹੀ ਬਸ ਨਹੀਂ ਰਤਨ ਸਿੰਘ ਭੰਗੂ ਬੰਦਾ ਸਿੰਘ ਬਹਾਦਰ ਦੀਆਂ ਲਗਾਤਾਰ ਇਤਿਹਾਸਕ ਜਿੱਤਾਂ ਨੂੰ ਦੇਖਕੇ ਲਿਖਦਾ ਹੈ ਕਿ ਲੋਕ ਉਸ ਨੂੰ ''ਹਿੰਦੂ ਅਵਤਾਰ'' ਸਮਝਣ ਲੱਗ ਪਏ ਸਨ ।

ਭਈ ਧੂਮ ਯਹ ਜਗਤ ਮੇਂ
ਭਯੋ ਹਿੰਦੂ ਅਵਤਾਰ

''ਹਿੰਦੂ ਅਵਤਾਰ'' ਦਰਸਾਉਣ ਤੋਂ ਬਾਅਦ ਰਤਨ ਸਿੰਘ ਭੰਗੂ ਬੰਦਾ ਸਿੰਘ ਬਹਾਦਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਥਾਂ ਖੁਦ ਨੂੰ 'ਗੁਰੂ' ਮੰਨਣ-ਮਨਾਉਣ ਵਾਲਾ ਦਰਸਾਉਂਦਾ ਹੈ । ਰਤਨ ਸਿੰਘ ਭੰਗੂ ਅਨੁਸਾਰ ਘਟਨਾ-ਚਕ੍ਰ ਇਸ ਤਰ੍ਹਾਂ ਹੋਇਆ ਕਿ ਦਿੱਲੀ ਦੀ ਮੁਗਲ ਸਲਤਨਤ ਬੰਦਾ ਸਿੰਘ ਬਹਾਦਰ ਦੀਆਂ ਯੁੱਧ-ਸਫਲਤਾਵਾਂ ਤੋਂ ਏਨਾ ਘਬਰਾ ਗਈ ਕਿ ਉਸਨੇ ਦਿੱਲੀ ਨਿਵਾਸ ਰਖਦੇ ਮਾਤਾ ਸੁੰਦਰੀ ਜੀ ਨੂੰ ਗ੍ਰਿਫਤਾਰ ਕਰਨ ਦੀ ਧਮਕੀ ਦੇ ਕੇ ਉਨ੍ਹਾਂ ਪਾਸੋਂ ਭਾਈ ਨੰਦ ਲਾਲ ਪਾਸੋਂ ਬੰਦਾ ਸਿੰਘ ਬਹਾਦਰ ਨੂੰ ਚਿੱਠੀ ਲਿਖਵਾਈ ਕਿ ਉਹ ਮੁਗਲ ਪਾਤਿਸ਼ਾਹੀ ਦੀ ਸ਼ਰਨ ਵਿੱਚ ਆ ਜਾਵੇ, ਉਸ ਦੇ ਚੰਗੇ ਗੁਜ਼ਾਰੇ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ । ਪਰ ਬੰਦਾ ਬਹਾਦਰ ਨੇ ਇਹ ਗੱਲ ਨਾ ਮੰਨੀ ਅਤੇ ਆਪਣੇ ਆਪ ਨੂੰ ਖੁਦ 'ਗੁਰੂ' ਐਲਾਨਦੇ ਹੋਏ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੀ ਥਾਂ 'ਫਤਹਿ ਦਰਸ਼ਨ' ਦਾ ਜੈਕਾਰਾ ਆਰੰਭਿਆ:-

ਬੰਦੈ ਕਹਯੋ ਮੈਂ ਤਵ ਸਿੱਖ ਨਾਹੀ ।
ਮੈਂ ਬੈਰਾਗੀ ਬੈਸਨੋ ਆਹੀ ।
ਹਮ ਔ ਤੁਮ ਕੋ ਇਤਨੋ ਮੇਲ ।
ਲੇਂ ਪਾਤਿਸ਼ਾਹੀ ਹਮ ਅਪਨੇ ਖੇਲ ।
ਮੈਂ ਅਬ ਦਰਸ਼ਨ ਫਤੇ ਬੁਲਾਊਂ ।
ਫਤੇ ਗੁਰੂ ਕੀ ਦੂਰ ਕਰਾਊਂ ।

ਇਸ ਤਰ੍ਹਾਂ ਮਾਤਾ ਸੁੰਦਰੀ ਜੀ ਅਤੇ ਬੰਦਾ ਸਿੰਘ ਬਹਾਦਰ ਦਾ, ਤੱਤ ਖਾਲਸੇ ਅਤੇ ਬੰਦਾ ਬਹਾਦਰ ਦਾ, ਤੋੜ ਵਿਛੋੜਾ ਹੋ ਗਿਆ । ਮਾਤਾ ਸੁੰਦਰੀ ਜੀ ਨੇ ਬੰਦੇ ਬਹਾਦਰ ਤੋਂ ਉਸ ਦੀਆਂ ਸਾਰੀਆਂ ਸ਼ਕਤੀਆਂ ਖੁਸ ਜਾਣ ਦਾ ਸਰਾਪ ਦਿੱਤਾ ।

ਖਾਲਸੇ ਚੋਂ ਛੇਕੇ ਜਾਣ ਪਿਛੋਂ ਆਪਣੀਆਂ ਸ਼ਕਤੀਆਂ (ਸਰਾਪ ਕਾਰਨ) ਗੁਆ ਬੈਠਣ ਤੋਂ ਬਾਅਦ ਬੰਦਾ ਸਿੰਘ ਬਹਾਦਰ ਦਾ ਮਾਨਸਿਕ ਸੰਤੁਲਣ, (ਰਤਨ ਸਿੰਘ ਭੰਗੂ ਅਨੁਸਾਰ) ਇਸ ਹੱਦ ਤੱਕ ਵਿਗੜਿਆ ਕਿ ਉਹ ਰੰਡੀ-ਬਾਜ਼ਾਰ 'ਚੋਂ ਇੱਕ ਰੰਡੀ ਆਪਣੇ ਘਰ ਲੈ ਆਇਆ :

ਜਬ ਮਾਤਾ ਸਰਾਪ ਕਰ ਦੀਆ ।
ਬਯਾਕੁਲ ਬੰਦਾ ਤਿਸ ਦਿਨ ਤੇ ਥੀਆ ।
ਮੰਡੀ ਤੇ ਇਕ ਰੰਡੀ ਮੰਗਾਈ ।
ਨਾਲ ਆਪਣੇ ਸੋ ਪਰਨਾਈ ।

ਕੀ ਇਹ ਸਾਰਾ ਬਿਰਤਾਂਤ ਸੁਣਿਆਂ-ਮੰਨਿਆ ਜਾ ਸਕਦਾ ਹੈ ? ਕੀ ਮਾਤਾ ਸੁੰਦਰੀ ਜੀ ਗ੍ਰਿਫਤਾਰੀ ਤੋਂ ਭੈ-ਭੀਤ ਹੋ, ਭਾਈ ਨੰਦ ਲਾਲ ਰਾਹੀਂ, ਬੰਦਾ ਸਿੰਘ ਬਹਾਦਰ ਨੂੰ ਗੋਡੇ ਟੇਕ ਦੇਣ ਦੀ ਸਲਾਹ ਦੇਣਗੇ ? (ਬਹੁਤੇ ਇਤਿਹਾਸਕਾਰਾਂ ਅਨੁਸਾਰ ਤਾਂ ਭਾਈ ਨੰਦ ਲਾਲ ਇਸ ਘਟਨਾ ਤੋਂ ਦਸ ਸਾਲ ਪਹਿਲੋਂ ਹੀ ਸੁਰਗਵਾਸ ਹੋ ਚੁੱਕੇ ਸਨ) । ਰਤਨ ਸਿੰਘ ਭੰਗੂ ਆਪਣੀ ਮਨ-ਘੜਤ ਜਾਂ ਸੁਣੀ-ਸੁਣਾਈ 'ਸਾਖੀ' ਨੂੰ ਖੁਦ ਹੀ ਗਲਤ ਕਰ ਜਾਂਦਾ ਹੈ, ਜਦੋਂ ਉਹ ਅੱਗੇ ਚੱਲਕੇ ਲਿਖਦਾ ਹੈ ਕਿ ਆਖਰੀ ਦਮ ਤਕ ਭਾਈ ਬਾਜ ਸਿੰਘ (ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਸਾਹਿਬ ਤੋਂ ਬੰਦਾ ਸਿੰਘ ਬਹਾਦਰ ਦੇ ਨਾਲ ਭੇਜਿਆ ਸੀ) ਤਸੀਹੇ ਸਹਿੰਦਾ ਹੋਇਆ ਵੀ ਬੰਦਾ ਸਿੰਘ ਬਹਾਦਰ ਦੇ ਅੰਗ ਸੰਗ ਰਿਹਾ-ਬੰਦਾ ਸਿੰਘ ਬਹਾਦਰ ਜਿਸ ਨੇ ਅਸਹਿ 'ਤੇ ਅਕਿਹ


Sri Satguru Jagjit Singh Ji eLibrary NamdhariElibrary@gmail.com

ਤਸੀਹੇ ਸਹਿੰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ:-
ਬਾਜ ਸਿੰਘ ਨੇ ਭਲੀ ਨਿਭਾਈ ।
ਮੁਏ ਬੰਦੈ ਸੰਗ ਚਾਰਉਂ ਭਾਈ ।

ਜੇ ਮਾਤਾ ਸੁੰਦਰੀ ਜੀ ਅਤੇ ਬੰਦਾ ਸਿੰਘ ਬਹਾਦਰ ਵਿਚਕਾਰ ਪਾੜੇ ਦੀ ਗਲ ਸੱਚ ਹੁੰਦੀ, ਤਾਂ ਕੀ ਭਾਈ ਬਾਜ ਸਿੰਘ ਬੰਦਾ ਸਿੰਘ ਬਹਾਦਰ ਨਾਲ ਤੋੜ ਨਿਭਾਂਉਂਦਾ ? ਇਹ ਇਕੋ ਤੱਥ ਰਤਨ ਸਿੰਘ ਭੰਗੂ ਵੱਲੋਂ ਬੰਦਾ ਸਿੰਘ ਬਹਾਦਰ ਦੇ ਚਰਿਤ੍ਰ-ਘਾਣ ਦੇ ਬਿਰਤਾਂਤ ਨੂੰ ਝੁਠਲਾਉਣ ਲਈ ਕਾਫੀ ਹੈ । ਪਰ ਅਫਸੋਸ ਤਾਂ ਉਹਨਾਂ, ਅੱਜ ਦੇ, ਸਿੱਖ ਇਤਿਹਾਸਕਾਰਾਂ 'ਤੇ ਹੈ ਜੋ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਸੋਹਿਲੇ ਗਾਉਂਦੇ ਨਹੀਂ ਥਕਦੇ ।

ਚੱਪੜਚਿੜੀ ਯੁੱਧ ਦੀ ਤੀਜੀ ਸ਼ਤਾਬਦੀ ਮਨਾਉਂਦਿਆਂ ਜਿੱਥੇ ਇਸ ਥਾਂ ਯਾਦਗਾਰ-ਸਮੂਹ ਉਸਾਰਨਾ ਜ਼ਰੂਰੀ ਹੈ, ਉਥੇ ਇਹ ਵੀ ਬਹੁਤ ਜ਼ਰੂਰੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਲਿਆਂਦੇ ਪਹਿਲੇ ਦਲਿਤ ਇਨਕਲਾਬ ਅਤੇ ਪਹਿਲੇ ਕਿਰਸਾਨੀ ਇਨਕਲਾਬ ਨੂੰ ਵੀ ਸਮੁੱਚੇ ਭਾਰਤ ਵਿੱਚ, ਸਮੁੱਚੇ ਸੰਸਾਰ ਵਿੱਚ, ਉਜਾਗਰ ਕੀਤਾ ਜਾਵੇ। ਇਸ ਮਨੋਰਥ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਦਿੱਲੀ ਵਿਖੇ ਇੱਕ ਅੰਤਰ-ਰਾਸ਼ਟਰੀ ਸੰਮੇਲਨ ਦਾ ਆਯੋਜਨ ਕਰੇ ਅਤੇ ਇਸੇ ਦਿਸ਼ਾ ਵੱਲ ਹੋਰ ਉਪਰਾਲੇ ਵੀ ਕਰੇ; ਨਿਰੇ ਪ੍ਰਦਰਸ਼ਨਕਾਰੀ ਸ਼ਤਾਬਦੀ-ਸਮਾਰੋਹਾਂ ਦਾ ਸਾਰਥਕ ਸਦੀਵੀ ਪ੍ਰਭਾਵ ਨਹੀਂ ਹੁੰਦਾ ।


## *'ਗੁਰੂ ਮਾਨਿਓ ਗ੍ਰੰਥ' ਨੂੰ ਸਮਰਪਿਤ ਆਡੀਓ ਸੀ.ਡੀ.*

ਸੰਗਤਾਂ ਦੇ ਗਿਆਤ ਲਈ ਦੱਸਿਆ ਜਾਂਦਾ ਹੈ ਕਿ ਗੁਰੂ ਮਾਨਿਓ ਗ੍ਰੰਥ ਦੇ ਮਹਾਨ ਸਰਬ ਸਾਂਝੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦੇ ਉਪਰਾਲੇ ਵਜੋਂ ਪ੍ਰਸਿੱਧ ਗਾਇਕ ਤੇ ਸੰਗੀਤਕਾਰ ਸ੍ਰੀ ਜਗਜੀਤ ਸਿੰਘ ਜੀ ਅਤੇ ਹੋਰ ਵਿਸ਼ਵ ਖਿਆਤੀ ਪ੍ਰਾਪਤ ਗਾਇਕਾਂ ਦੀ ਸੁਰੀਲੀ ਮਧੁਰ ਆਵਾਜ਼ ਵਿੱਚ ਗੁਰਬਾਣੀ ਦੇ ਸ਼ਬਦਾਂ ਦੀ ਵਿਸ਼ੇਸ਼ ਆਡੀਓ ਸੀ.ਡੀ. ਗੁਰਦੁਆਰਾ ਤਖ਼ਤ ਸੱਚਖੰਡ ਸਾਹਿਬ ਵੱਲੋਂ ਸਪੈਸ਼ਲ ਤੌਰ 'ਤੇ ਤਿਆਰ ਕਰਵਾਈ ਗਈ ਹੈ ।

ਪ੍ਰਤੀ ਸੈਟ ਭੇਟਾ 250/- ਰੂਪੈ ਰੱਖੀ ਗਈ ਹੈ । ਸੰਗਤਾਂ ਲਾਭ ਉਠਾਉਣ ਜੀ ।

-: ਪ੍ਰਾਪਤੀ ਦਾ ਸਥਾਨ :-

ਲਿਖਾਰੀ ਕਾਊਂਟਰ, ਗੁਰਦੁਆਰਾ ਪਰੀਸਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ

-ਵਧੇਰੇ ਜਾਣਕਾਰੀ ਸੰਪਰਕ ਕਰੋ-

ਸੁਪਰਡੈਂਟ

ਗੁਰਦੁਆਰਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿੰਬ,

ਨਾਂਦੇੜ-431601 (ਮਹਾਰਾਸ਼ਟਰ)

Ph.-(02462)-234813,243559,241266,244166

Fax No.-02462-234812.


Sri Satguru Jagjit Singh Ji eLibrary NamdhariElibrary@gmail.com

## ਸਿੱਖ ਰਾਜ ਦਾ ਗੌਰਵ ਤੇ ਦੁਖਾਂਤ :-

# ਪ੍ਰਮਾਣਿਕ ਦਸਤਾਵੇਜ਼ੀ ਬਿਰਤਾਂਤ

– ਡਾ. ਕੁਲਦੀਪ ਸਿੰਘ ਧੀਰ *

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਜ਼ਿਕਰ ਅੱਜ ਵੀ ਸਿੱਖ ਹਿਰਦਿਆਂ ਵਿੱਚ ਸੁਤੀਆਂ ਅਨਿਕ ਰੰਗੀ ਭਾਵਨਾਵਾਂ ਦੇ ਸਾਗਰ ਵਿੱਚ ਤਕੜੀ ਹਿਲਜੁਲ ਪੈਦਾ ਕਰਦਾ ਹੈ । ਉਸ ਦਾ ਜੀਵਨ ਬਿਰਤਾਂਤ ਤੇ ਪ੍ਰਾਪਤੀਆਂ ਹੀ ਨਹੀਂ, ਉਸ ਦੇ ਜਾਣ ਪਿਛੋਂ ਉਸ ਦੇ ਵਾਰਸਾਂ ਦਾ ਹਾਲ ਪੰਜਾਬ ਦੇ ਇਤਿਹਾਸ ਦਾ ਅਜੇਹਾ ਕਾਂਡ ਹਨ ਜੋ ਹਰ ਵਾਰ ਪੰਜਾਬੀਆਂ ਨੂੰ ਬੜਾ ਕੁਝ ਸੋਚਣ ਲਾ ਦਿੰਦਾ ਹੈ । ਕਾਸ਼ ਇੰਜ ਹੁੰਦਾ ਤੇ ਇੰਜ ਨਾ ਹੁੰਦਾ । ਹਉਕੇ ਨਾਲ ਹੀ ਅਸੀਂ ਪੜ੍ਹਦੇ ਸੁਣਦੇ ਹਾਂ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੇ ਗੌਰਵਮਈ ਇਤਿਹਾਸ ਦਾ ਆਖਰੀ ਕਾਂਡ । ਆਪਣਿਆਂ ਨਾਲ ਆਪਣਿਆਂ ਬਿਗਾਨਿਆਂ ਦੇ ਧ੍ਰੋਹ ਦੀ ਹੋਈ ਬੀਤੀ ਦਾਸਤਾਨ ਜਿਵੇਂ ਕਿਤੇ ਅਸੀਂ ਬਦਲ ਦੇਣ ਦੇ ਸਮਰਥ ਹੋਈਏ । ਅਤੀਤ ਨੂੰ ਅਸੀਂ ਬਦਲ ਤਾਂ ਨਹੀਂ ਸਕਦੇ ਪਰੰਤੂ ਉਸ ਤੋਂ ਸਬਕ ਤਾਂ ਲੈ ਹੀ ਸਕਦੇ ਹਾਂ । ਆਪਣਿਆਂ ਦੀਆਂ ਗਲਤੀਆਂ ਤੇ ਬਿਗਾਨਿਆਂ ਦੀਆਂ ਜ਼ਿਆਦਤੀਆਂ ਵਿਚ ਘਿਰੇ ਆਪਣੇ ਦੁਖਾਂ ਦਰਦਾਂ ਨੂੰ ਚੇਤੇ ਕਰਦੇ ਸਮੇਂ ਅਤਿ ਵਿਰੋਧੀ ਪਰਿਸਥਿਤੀਆਂ ਵਿਚ ਸਿਖੀ ਅਣਖ ਤੇ ਗੌਰਵ ਲਈ ਲੜਣ ਮਰਨ ਵਾਲਿਆਂ ਨੂੰ ਸ਼ਰਧਾ ਤੇ ਸਨੇਹ ਤਾਂ ਭੇਟ ਕਰ ਹੀ ਸਕਦੇ ਹਾਂ । ਇਸ ਦੁਖਾਂਤਕ ਕਾਲ-ਖੰਡ ਦੇ ਦਿਲ ਕੰਬਾਊ ਘਟਨਾ ਚਕਰ ਦੀ ਬਾਤ ਜਦੋਂ ਕਦੇ ਵੀ ਕੋਈ ਪਾਂਦਾ ਹੈ, ਸਿਖ ਉਸ ਨੂੰ ਪੜ੍ਹਣ ਸੁਣਨ ਲਈ ਬੇਚੈਨ ਹੁੰਦੇ ਹਨ । ਇਹ ਬਾਤ ਬੀਤੇ ਕੁਝ ਵਰ੍ਹਿਆਂ ਤੋਂ ਸ੍ਰ: ਅਵਤਾਰ ਸਿੰਘ ਗਿਲ ਬਾਰ ਬਾਰ ਵਖ ਵਖ ਰੂਪਾਂ ਰੰਗਾਂ ਤੇ ਸ਼ਬਦਾਂ ਵਿੱਚ ਪਾ ਰਿਹਾ ਹੈ । ਕਦੇ ਅੰਗ੍ਰੇਜ਼ੀ ਵਿੱਚ, ਕਦੇ ਪੰਜਾਬੀ ਵਿੱਚ । ਕਦੇ ਇਤਿਹਾਸ, ਕਦੇ ਸਫਰਨਾਮੇ ਵਿੱਚ, ਕਦੇ ਯਾਦਾਂ ਤੇ ਕਦੇ ਦਸਤਾਵੇਜਾਂ ਦੀ ਛਾਣ ਬੀਣ ਦੇ ਰੂਪ ਵਿੱਚ । ਕਦੇ ਕੋਹਿਨੂਰ ਹੀਰੇ ਦੇ ਬਿਰਤਾਂਤ ਦੇ ਬਹਾਨੇ, ਕਦੇ ਮਹਾਰਾਣੀ ਜਿੰਦਾਂ ਦੇ ਬਹਾਨੇ ਤੇ ਕਦੇ ਮਹਾਰਾਜਾ ਦਲੀਪ ਸਿੰਘ ਦੇ ਬਹਾਨੇ ।

'ਹਮੇਂ ਤੋਂ ਇਸ਼ਕ ਸੇ ਮਤਲਬ ਕਿਸੀ ਕੀ ਬਾਤ ਕਰੇਂ' ਵਾਲਾ ਹਾਲ ਹੈ ਅਵਤਾਰ ਸਿੰਘ ਗਿੱਲ ਦਾ । ਮਹਾਰਾਜਾ ਦਲੀਪ ਸਿੰਘ ਤੇ ਸਿਖ ਰਾਜ ਦੇ ਦੁਖਾਂਤ ਬਾਰੇ ਸੁਣਨ ਜਾਣਨ ਤੇ ਗਲ ਕਰਨ ਦਾ ਇਸ਼ਕ ਹੈ ਉਸ ਨੂੰ । ਉਸ ਦੇ ਇਸ ਜਨੂੰਨ ਦਾ ਕਾਰਨ ਵੀ ਹੈ । ਉਸ ਦੇ ਪਿਤਾ ਡਾ. ਈਸ਼ਰ ਸਿੰਘ ਉਸ ਕਿੰਗ ਐਡਵਰਡ ਮੈਡੀਕਲ ਕਾਲਜ ਲਾਹੌਰ ਵਿੱਚ ਪੜ੍ਹੇ ਸਨ ਜਿਥੇ ਦਲੀਪ ਸਿੰਘ ਦੀ ਧੀ– ਬੰਬਾ ਦਾ ਪਤੀ ਡਾ. ਸਦਰਲੈਂਡ ਪ੍ਰਿੰਸੀਪਲ ਸੀ । ਡਾ. ਈਸ਼ਰ ਸਿੰਘ ਦਾ ਨਨਕਾਣਾ ਸਾਹਿਬ ਦੇ ਨੇੜੇ ਦਾ ਵਸੇਬਾ, ਸਿਖੀ ਨਾਲ ਪ੍ਰੇਮ, ਤੇ ਰਾਜਕੁਮਾਰੀ ਬੰਬਾ ਬਾਰੇ ਗਾਹੇ ਬਗਾਹੇ ਘਰ ਵਿੱਚ ਹੁੰਦੀਆਂ ਗੱਲਾਂ ਨੇ ਸ੍ਰ: ਅਵਤਾਰ ਸਿੰਘ ਨੂੰ ਮਹਾਰਾਜਾ ਦਲੀਪ ਸਿੰਘ ਦੇ ਦੁਖਾਂਤ ਪ੍ਰਤਿ ਭਾਵੁਕ ਕੀਤਾ । ੧੯੭੧ ਦੇ ਆਸ ਪਾਸ ਇਕ ਹੋਰ ਮਹੱਤਵ ਪੂਰਨ ਘਟਨਾ ਵਾਪਰੀ । ਸਰਦਾਰ ਗਿੱਲ ਉਨ੍ਹਾਂ ਦਿਨਾਂ ਵਿੱਚ ਅੰਮ੍ਰਿਤਸਰ ਵਿੱਚ ਜੱਜ ਸਨ । ਸਿੱਖ ਇਤਿਹਾਸ ਵਿੱਚ ਉਨ੍ਹਾਂ ਦੀ ਰੁਚੀ ਅਤੇ ਉਨ੍ਹਾਂ ਦੀ ਕਾਨੂੰਨੀ

* ਸਾਬਕਾ ਪ੍ਰੋਫੈਸਰ ਤੇ ਡੀਨ ਅਕਾਦਮਿਕ ਮਾਮਲੇ, ਪੰਜਾਬੀ ਯੂਨੀਵਰਸਿਟੀ ਪਟਿਆਲਾ (ਹਾਊਸ ਨੰ:੨, ਸਟਰੀਟ ਨੰ: ੯, ਗੁਰੂ ਨਾਨਕ ਨਗਰ, ਪਟਿਆਲਾ)



Sri Satguru Jagjit Singh Ji eLibrary NamdhariElibrary@gmail.com

ਮਹਾਰਤ ਦਾ ਪਤਾ ਲੱਗਣ ਉਤੇ ਸਰਦਾਰ ਪ੍ਰੀਤਮ ਸਿੰਘ ਨਾਂ ਦਾ ਇਕ ਅਜਨਬੀ ਪੁਛਦਾ ਪੁਛਾਂਦਾ ਉਨ੍ਹਾਂ ਨੂੰ ਮਿਲਣ ਆ ਗਿਆ। ਇਹ ਸਰਦਾਰ ਸੰਧਾਵਾਲੀਆ ਦੇ ਖਾਨਦਾਨ ਵਿਚੋਂ ਸੀ। ਸੰਧਾਵਾਲੀਏ ਸਰਦਾਰ ਰਣਜੀਤ ਸਿੰਘ ਦੇ ਦਾਦੇ ਪੋਤਰੇ ਭਰਾ ਹੀ ਸਨ। ਇਸ ਨਾਤੇ ਸ੍ਰ: ਪ੍ਰੀਤਮ ਸਿੰਘ ਇਤਿਹਾਸ ਦਾ ਧੁੰਦਲਾ ਪੰਨਾ ਬਣ ਚੁਕੇ ਸਿੱਖ ਰਾਜ ਨਾਲ ਆਪਣਾ ਰਿਸ਼ਤਾ ਜੋੜਦੇ ਸਨ। ਉਨ੍ਹਾਂ ਕੋਲ ਮਹਾਰਾਜਾ ਦਲੀਪ ਸਿੰਘ ਦੀਆਂ ਲਿਖੀਆਂ ਚਿਠੀਆਂ ਤੇ ਹੋਰ ਦਸਤਾਵੇਜ਼ ਵੀ ਸਨ। ਪ੍ਰਤੀਤ ਹੁੰਦਾ ਹੈ ਕਿ ਉਹ ਦਲੀਪ ਸਿੰਘ ਦੇ ਕਾਨੂੰਨੀ ਵਾਰਿਸ ਸਵੀਕਾਰੇ ਜਾਣ ਲਈ ਸਹਾਇਤਾ/ਸਲਾਹ ਮਸ਼ਵਰਾ ਚਾਹੁੰਦੇ ਸਨ। ਅਚਾਨਕ ਵਾਪਰੀ ਇਸ ਘਟਨਾ ਨੇ ਸਰਦਾਰ ਗਿੱਲ ਦੀ ਰੁਚੀ ਮਹਾਰਾਜਾ ਦਲੀਪ ਸਿੰਘ ਤੇ ਸਿੱਖ ਰਾਜ ਵਿਚ ਹੋਰ ਵੀ ਵਧਾ ਦਿਤੀ। ਇਸ ਦਿਲਚਸਪੀ ਕਾਰਨ ਸਰਦਾਰ ਗਿੱਲ ਨੇ ਇਸ ਵਿਸ਼ੇ ਨਾਲ ਸਬੰਧਤ ਹਰ ਪ੍ਰਕਾਰ ਦੀ ਪੁਸਤਕ, ਖਰੜੇ, ਦਸਤਾਵੇਜ਼ ਤੇ ਜਾਣਕਾਰੀ, ਦੇਸ਼ ਵਿਦੇਸ਼ ਜਿਥੇ ਵੀ ਉਸ ਨੂੰ ਦਸ ਪਈ ਹਾਸਲ ਕਰ ਕੇ ਘੋਖੀ ਪਰਖੀ। ਦੇਸ਼ ਵਿਦੇਸ਼ ਦੀਆਂ ਲਾਇਬ੍ਰੇਰੀਆਂ, ਅਜਾਇਬ ਘਰ ਤੇ ਵਿਅਕਤੀਗਤ ਰੂਪ ਵਿੱਚ ਸੰਭਾਲੇ ਦਸਤਾਵੇਜ਼/ਖਰੜੇ/ਲਿਖਤਾਂ ਉਸ ਨੇ ਹਰ ਸ਼ੈਅ ਤਕ ਪਹੁੰਚਣ ਦਾ ਉਦਮ ਕੀਤਾ। ਵਲਾਇਤ ਦੀ ਯਾਤਰਾ ਵੀ ਕੀਤੀ। ਸਿਟੇ ਵਜੋਂ ਉਸ ਦੀਆਂ ਲਿਖੀਆਂ ਕਿਤਾਬਾਂ ਵਿੱਚ ਸਿੱਖ ਇਤਿਹਾਸ ਦੇ ਇਸ ਕਾਲ ਖੰਡ ਬਾਰੇ ਬੜਾ ਕੁਝ ਨਵਾਂ ਹੈ।

ਇਸ ਸਮੇਂ ਮੇਰੇ ਪਾਸ ਉਸ ਦੀਆਂ ਚਾਰ ਪੁਸਤਕਾਂ ਹਨ। ਦੋ ਅੰਗ੍ਰੇਜ਼ੀ ਤੇ ਦੋ ਪੰਜਾਬੀ ਵਿੱਚ। ਪੰਜਾਬੀ ਪੁਸਤਕਾਂ ਹਨ ਮੇਰੀ ਵਲਾਇਤ ਫੇਰੀ ਤੇ ਬਦ-ਨਸੀਬ ਮਹਾਰਾਜਾ ਦਲੀਪ ਸਿੰਘ। ਅੰਗ੍ਰੇਜ਼ੀ ਪੁਸਤਕਾਂ ਹਨ ਮਹਾਰਾਜਾ ਐਂਡ ਦਾ ਕੋਹਿਨੂਰ ਅਤੇ ਮਹਾਰਾਜਾ ਦਲੀਪ ਸਿੰਘ ਚੀਟਿਡ ਆਊਟ। ਇਨ੍ਹਾਂ ਪੁਸਤਕਾਂ ਦੀ ਜਾਣ ਪਛਾਣ ਪੰਜਾਬੀ ਪਾਠਕਾਂ ਨਾਲ ਕਰਵਾਣੀ ਜ਼ਰੂਰੀ ਪ੍ਰਤੀਤ ਹੁੰਦੀ ਹੈ।

ਗੱਲ ਉਸ ਦੀ ਵਲਾਇਤ ਫੇਰੀ ਤੋਂ ਸ਼ੁਰੂ ਕਰੀਏ ਜਿਸ ਦੇ ਆਰੰਭ ਵਿੱਚ ਹੀ ਉਸ ਨੇ ਸੰਧਾਂਵਾਲੀਏ ਸਰਦਾਰਾਂ ਦੇ ਰਾਜਾ ਸਾਂਸੀ ਨਾਲ ਸਬੰਧਾਂ ਦੀ ਗੱਲ ਕਰਦੇ ਹੋਏ ਉਨ੍ਹਾਂ ਦਾ ਪਿਛੋਕੜ ਮਹਾਰਾਜਾ ਰਣਜੀਤ ਸਿੰਘ ਦੇ ਵਡੇਰਿਆਂ ਨਾਲ ਜੋੜਿਆ ਹੈ ਅਤੇ ਫਿਰ ਠਾਕੁਰ ਸਿੰਘ ਸੰਧਾਂਵਾਲੀਏ ਦੇ ਪੋਤਰੇ ਪ੍ਰੀਤਮ ਸਿੰਘ ਨਾਲ ਮੇਲ ਦੀ ਚਰਚਾ ਕੀਤੀ ਹੈ। ਗਿੱਲ ਨੇ ਨਨਕਾਣਾ ਸਾਹਿਬ ਨੇੜਲੀ ਆਪਣੀ ਜਨਮ ਭੂਮੀ ਕਾਰਨ ਸਿੱਖੀ ਵਿੱਚ ਰੁਚੀ ਅਤੇ ੧੯੮੧ ਦੀ ਆਪਣੀ ਲਾਹੌਰ ਯਾਤਰਾ ਸਮੇਂ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੇ ਇਤਿਹਾਸ ਵੱਲ ਆਪਣੇ ਆਕਰਸ਼ਨ ਦੀ ਗੱਲ ਵੀ ਕੀਤੀ ਹੈ। ਇਸੇ ਪਿਛੋਕੜ ਵਿਚ ਹੀ ੨੦੦੨ ਵਿੱਚ ਗਿੱਲ ਨੇ ਇੰਗਲੈਂਡ ਯਾਤਰਾ ਕੀਤੀ। ਇਸ ਯਾਤਰਾ ਦੇ ਬਿਰਤਾਂਤ ਵਿੱਚ ਗੱਲਾਂ ਤਾਂ ਹੋਰ ਵੀ ਬਥੇਰੀਆਂ ਹਨ ਪਰ ਗਿੱਲ ਦੀ ਤੇ ਸਾਡੀ ਰੁਚੀ ਮਹਾਰਾਜਾ ਦਲੀਪ ਸਿੰਘ ਵਲੋਂ ਬਾਈ ਹਜ਼ਾਰ ਏਕੜ ਥਾਂ ਖਰੀਦ ਕੇ ੧੮੬੩ ਵਿੱਚ ਬਣਾਏ ਐਲਵੈਡਨ ਮਹਿਲ ਵਿਚ ਹੈ। ਯਾਰਕਸ਼ਾਇਰ ਮਹਿਲ ਹੈ ਜਿਥੇ ਉਹ ਇਸ ਤੋਂ ਪਹਿਲਾਂ ਰਿਹਾ। ਸਕਾਟਲੈਂਡ ਵਿਚਲੇ ਲੋਚ ਕੈਨਰਡ ਲੌਜ ਵਿਚ ਹੈ ਜਿਸ ਨੂੰ ਉਸ ਕੁਝ ਸਮੇਂ ਲਈ ਭਾਗ ਲਾਏ। ਹੈਟਫੋਰਡ ਦੇ ਉਸ ਘਰ ਵਿਚ ਹੈ ਜਿਥੇ ਉਸ ਦੇ ਪੁੱਤਰ ਫਰੈਡਰਿਕ ਦਲੀਪ ਸਿੰਘ ਨੇ ਕੁਝ ਸਮਾਂ ਗੁਜ਼ਾਰਿਆ। ਬਲੌਨਾਰਟਨ ਵਿਚ ਹੈ ਜਿਥੇ ਉਸ ਰਾਜਕੁਮਾਰ ਨੇ ਲਗਾਤਾਰ ਵੀਹ ਸਾਲ ਗੁਜ਼ਾਰੇ। ਗਿੱਲ ਨੇ ਇਨ੍ਹਾਂ ਯਾਦਗਾਰਾਂ ਦੇ ਨਿਕਟ ਦਰਸ਼ਨ ਇਸ ਲਿਖਤ ਵਿੱਚ ਕੀਤੇ

Sri Satguru Jagjit Singh Ji eLibrary NamdhariElibrary@gmail.com

ਕਰਵਾਏ ਹਨ । ਇਸ ਪੁਸਤਕ ਵਿੱਚ ਉਸ ਨੇ ਬਰਿਟਿਸ਼ ਕੌਂਸਲ ਲਾਇਬ੍ਰੇਰੀ ਤੇ ਕੋਹਿਨੂਰ ਹੀਰੇ ਦੇ ਆਪਣੇ ਦਰਸ਼ਨ ਦਾ ਜ਼ਿਕਰ ਵੀ ਕੀਤਾ ਹੈ । ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਦੇ ਪ੍ਰਵਾਸ ਦੌਰਾਨ ਮਲਕਾ ਵਿਕਟੋਰੀਆ ਵਲੋਂ ਜਿਸ ਓਸਬਰਨ ਪੈਲੇਸ ਵਿੱਚ ਰਖਿਆ ਗਿਆ ਉਸ ਦੀ ਚਰਚਾ ਵੀ ਗਿੱਲ ਨੇ ਕੀਤੀ ਹੈ ਅਤੇ ਵਲਾਇਤ ਵਿਚਲੀਆਂ ਸਿੱਖ ਇਤਿਹਾਸ ਦੀਆਂ ਯਾਦਾਂ ਤੇ ਦਸਤਾਵੇਜ਼ਾਂ ਵਲ ਸੰਕੇਤ ਵੀ ਕੀਤੇ ਹਨ।

ਹੁਣ ਆਓ, ਪੰਜਾਬੀ ਪੁਸਤਕ 'ਬਦਨਸੀਬ ਮਹਾਰਾਜਾ ਦਲੀਪ ਸਿੰਘ' ਵਲ। ਇਹ ਪੁਸਤਕ ੪ ਸਤੰਬਰ ੧੮੩੮ ਨੂੰ ਜਨਮੇਂ ਦਲੀਪ ਸਿੰਘ ਦੀ ਕਹਾਣੀ ਹੈ । ਬਦਨਸੀਬ ਦਲੀਪ ਸਿੰਘ ਅਜੇ ਇਕ ਸਾਲ ਦਾ ਵੀ ਨਹੀਂ ਸੀ ਕਿ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਿਆ । ਉਸ ਪਿਛੋਂ ਹੋਏ ਪੰਜ ਸਾਲ ਦੇ ਖ਼ੂਨ ਖਰਾਬੇ ਤੇ ਬੁਰਛਾ ਗਰਦੀ ਉਪਰੰਤ ਸਤੰਬਰ ੧੮੪੩ ਵਿਚ ਦਲੀਪ ਸਿੰਘ ਨੂੰ ਸਿੰਘਾਸ਼ਨ ਉਤੇ ਬਿਠਾਣ ਦਾ ਨਾਟਕ ਖੇਡਿਆ ਗਿਆ। ਮਾਰਚ ੧੮੪੬ ਤਕ ਉਸ ਤੋਂ ਜਲੰਧਰ ਦੁਆਬ ਤੇ ਜੰਮੂ ਕਸ਼ਮੀਰ ਖੋਹ ਲਏ ਗਏ। ਦਸੰਬਰ ੧੮੪੬ ਵਿੱਚ ਤੇਜਾ ਸਿੰਘ, ਲਾਲ ਸਿੰਘ ਤੇ ਗੁਲਾਬ ਸਿੰਘ ਜਹੇ ਗਦਾਰਾਂ ਨਾਲ ਗੰਢ ਤੁਪ ਕਰਕੇ ਲਾਹੌਰ ਦਰਬਾਰ ਨੂੰ ਅਸਲੋਂ ਕਠਪੁਤਲੀ ਬਣਾ ਦਿਤਾ ਗਿਆ । ਦਲੀਪ ਸਿੰਘ ਦੀ ਮਾਂ ਨੂੰ ਉਸ ਤੋਂ ਅਡ ਕਰ ਜਲਾਵਤਨ ਕੀਤਾ ਗਿਆ। ਸ਼ੇਖ਼ੂਪੁਰਾ, ਬਨਾਰਸ ਤੇ ਅੰਤ ਚਨਾਰ ਵਿਚ ਉਸ ਨੂੰ ਕੈਦ ਕੀਤਾ ਗਿਆ । ਉਥੋਂ ਉਹ ਭਜ ਕੇ ਨੇਪਾਲ ਜਾ ਵੜੀ । ਮਾਰਚ ੧੮੪੯ ਵਿੱਚ ਦਲੀਪ ਸਿੰਘ ਨੂੰ ਗੱਦੀ ਤੋਂ ਲਾਹ ਅੰਗ੍ਰੇਜ਼ ਸਰਕਾਰ ਦਾ ਪੈਨਸ਼ਨਰ ਬਣਾ ਦਿਤਾ ਗਿਆ। ਦਸੰਬਰ ੧੮੪੯ ਵਿੱਚ ਉਸ ਨੂੰ ਵੀ ਲਾਹੌਰ ਤੋਂ ਕਢ ਦਿਤਾ ਗਿਆ । ੧੮੫੩ ਵਿੱਚ ਦਲੀਪ ਸਿੰਘ ਨੂੰ ਈਸਾਈ ਬਣਾ ਕੇ ਅਪ੍ਰੈਲ ੧੮੫੪ ਵਿੱਚ ਇੰਗਲੈਂਡ ਭੇਜ ਦਿਤਾ ਗਿਆ।

ਇੰਗਲੈਂਡ ਵਿੱਚ ਦਲੀਪ ਸਿੰਘ ਨਾਲ ਕਦਮ ਕਦਮ ਉਤੇ ਹੁੰਦੀ ਜ਼ਿਆਦਤੀ, ਧੋਖੇ ਤੇ ਬੇਬਸੀ ਦਾ ਬਿਰਤਾਂਤ ਗਿੱਲ ਦੀ ਇਸ ਪੁਸਤਕ ਵਿੱਚ ਹੈ । ਇਸ ਦੇ ਸਮਾਨਾਂਤਰ ਪੰਜਾਬ/ਭਾਰਤ ਵਿੱਚ ਸਿੱਖ ਸਰਦਾਰਾਂ/ਮਹਾਰਾਣੀ ਜਿੰਦਾਂ ਦੇ ਸੰਘਰਸ਼ ਦਾ ਚਿਤ੍ਰਨ ਹੈ । ਮਾਂ ਪੁੱਤ ਦੇ ਵਿਛੋੜੇ ਮੇਲ ਤੇ ਮਾਂ ਦੀ ਮੌਤ ਦਾ ਬਿਰਤਾਂਤ ਹੈ । ਗਿੱਲ ਨੇ ਦਲੀਪ ਸਿੰਘ ਦੇ ਸਿੱਖੀ ਵਿੱਚ ਪੁਨਰ ਪ੍ਰਵੇਸ਼, ਅੰਗ੍ਰੇਜ਼ ਸਰਕਾਰ ਨਾਲ ਰੋਸ ਭਰੇ ਚਿੱਠੀ ਪੱਤਰ, ਬਾਗੀ ਤੇਵਰ, ਭਜ ਦੌੜ, ਪੰਜਾਬ ਦੇ ਸਿੱਖ ਸਰਦਾਰਾਂ ਨਾਲ ਖਤੋ ਕਿਤਾਬਤ ਤੇ ਉਸ ਨੂੰ ਮਿਲੇ ਹੁੰਗਾਰੇ ਦੇ ਦਸਤਾਵੇਜ਼ੀ ਵੇਰਵੇ ਇਸ ਪੁਸਤਕ ਵਿਚ ਦਿਤੇ ਹਨ । ਇਨ੍ਹਾਂ ਵਿੱਚ ਇਕ ਪਾਸੇ ਅਨਿਆਂ ਦੇ ਸ਼ਿਕਾਰ ਦਲੀਪ ਸਿੰਘ ਦੀ ਆਪਣੀ ਸਥਿਤੀ ਬਾਰੇ ਚੇਤਨਾ ਤੇ ਉਸ ਦੇ ਵਧਦੇ ਬ਼ਾਗੀਆਨਾ ਤੇਵਰਾਂ ਦਾ ਅਹਿਸਾਸ ਹੁੰਦਾ ਹੈ । ਦੂਜੇ ਪਾਸੇ ਸੰਧਾਂਵਾਲੀਆਂ, ਸਿੱਖ ਸਰਦਾਰਾਂ ਤੇ ਪੰਜਾਬੀਆਂ ਦੀ ਉਸ ਨਾਲ ਹਮਦਰਦੀ ਤੇ ਮੋਹ ਦੀ ਸੂਚਨਾ ਮਿਲਦੀ ਹੈ। ਇਸ ਮੋਹ ਦਾ ਇਕ ਤਕੜਾ ਪ੍ਰਮਾਣ ਇਹ ਹੈ ਕਿ ਲਹਿਣਾ ਸਿੰਘ ਸੰਧਾਂਵਾਲੀਏ ਦਾ ਪੁੱਤਰ ਠਾਕੁਰ ਸਿੰਘ ਸੰਧਾਂਵਾਲੀਆ ਆਪਣੀ ਸ਼ਾਹੀ ਨੌਕਰੀ ਨੂੰ ਲੱਤ ਮਾਰਕੇ ਦਲੀਪ ਸਿੰਘ ਕੋਲ ਇੰਗਲੈਂਡ ਪਹੁੰਚਿਆ ਤਾਂ ਕਿ ਉਸ ਨੂੰ ਦੇਸ਼ ਵਿੱਚ ਵਾਪਸ ਲਿਆਣ ਦਾ ਕੋਈ ਪ੍ਰਬੰਧ ਹੋ ਸਕੇ । ਉਹ ਨੌਂ ਮਹੀਨੇ ਮਹਾਰਾਜੇ ਨਾਲ ਰਿਹਾ । ਤਾਕਤਵਰ ਤੇ ਚਾਲਾਕ ਅੰਗ੍ਰੇਜ਼ ਸਰਕਾਰ ਅਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ । ਮਹਾਰਾਜੇ ਨੂੰ ਆਪਣੀ ਪਿੰਜਰੇ ਵਿੱਚ ਫਸੇ ਪੰਛੀ ਵਾਲੀ ਸਥਿਤੀ ਤੇ


Sri Satguru Jagjit Singh Ji eLibrary NamdhariElibrary@gmail.com

ਅੰਗ੍ਰੇਜ਼ ਸਰਕਾਰ ਦੇ ਜ਼ਾਲਿਮਾਨਾ ਵਤੀਰੇ ਦਾ ਪਤਾ ਸੀ। ਇਸੇ ਲਈ ਉਸ ਨੇ ਕਈ ਪੱਤਰਾਂ ਵਿੱਚ ਆਪਣੇ ਸ਼ੁਭਚਿੰਤਕਾਂ ਨੂੰ ਆਪਣੇ ਨੇੜੇ ਆਉਣ ਤੋਂ ਵਰਜਿਆ ਤਾਂ ਕਿ ਉਹ ਵੀ ਮੁਸੀਬਤ ਵਿਚ ਨਾ ਪੈ ਜਾਣ ।

ਸਰਦਾਰ ਗਿੱਲ ਨੇ ਦਲੀਪ ਸਿੰਘ ਦੇ ਇਗਲੈਂਡ ਤੋਂ ਨਿਕਲਣ, ਅਦਨ ਵਿਚ ਗ੍ਰਿਫਤਾਰ ਕੀਤੇ ਜਾਣ, ਸ੍ਰ: ਠਾਕੁਰ ਸਿੰਘ ਸੰਧਾਂਵਾਲੀਏ ਦੀ ਦਸੰਬਰ ੧੮੮੭ ਵਿੱਚ ਮੌਤ, ਦਲੀਪ ਸਿੰਘ ਦੇ ਸਮਰਥਕਾਂ ਤੇ ਹਮਦਰਦਾਂ ਦੀ ਗ੍ਰਿਫਤਾਰੀ ਤੇ ਮਹਾਰਾਣੀ ਬੰਬਾ ਦੀ ਮੌਤ ਦਾ ਬਿਰਤਾਂਤ ਵੀ ਵਿਸਤਾਰ ਨਾਲ ਪੇਸ਼ ਕੀਤਾ ਹੈ । ਉਹ ਆਪਣੀ ਸਰਪ੍ਰਸਤ ਲੇਡੀ ਲਾਗਿਨ ਤੋਂ ਵੀ ਨਿਰਾਸ਼ ਹੋ ਜਾਂਦਾ ਹੈ। ਰੂਸ ਜਾ ਕੇ ਦਲੀਪ ਸਿੰਘ ਰੂਸੀ ਸਰਕਾਰ ਤੋਂ ਸੈਨਿਕ ਤੇ ਆਰਥਿਕ ਮਦਦ ਲਈ ਵੀ ਅਸਫਲ ਯਤਨ ਕਰਦਾ ਹੈ । ਸਭ ਪਾਸਿਉਂ ਅਸਫਲ ਹੋਇਆ ਉਹ ਪੈਰਸ ਟਿਕਦਾ ਹੈ । ਇਥੇ ੧੮੯੦ ਵਿੱਚ ਉਹ ਅਧਰੰਗ ਦਾ ਸ਼ਿਕਾਰ ਹੁੰਦਾ ਹੈ । ਇਹ ਬਿਰਤਾਂਤ ਇਸ ਬਦਨਸੀਬ ਦੀ ਅਕਤੂਬਰ ੧੮੯੩ ਵਿੱਚ ਮੌਤ ਨਾਲ ਸਿਖਰ ਛੋਂਹਦਾ ਹੈ। ਇਸ ਬਿਰਤਾਂਤ ਦਾ ਅੰਤ ਦਲੀਪ ਸਿੰਘ ਦੇ ਪਰਿਵਾਰ ਦੇ ਜੀਆਂ ਦੇ ਇੱਕ ਇੱਕ ਕਰਕੇ ਮਰਨ ਦੀ ਸੂਚਨਾ ਨਾਲ ਹੁੰਦਾ ਹੈ ।

ਇਸੇ ਬਦਨਸੀਬ ਮਹਾਰਾਜੇ ਬਾਰੇ ਵਿਸਤ੍ਰਿਤ ਦਸਤਾਵੇਜ਼ੀ ਪ੍ਰਮਾਣਾਂ ਨਾਲ ਗੱਲ ਅੰਗ੍ਰੇਜ਼ੀ ਪੁਸਤਕ 'ਮਹਾਰਾਜਾ ਦਲੀਪ ਸਿੰਘ ਚੀਟਿਡ ਆਊਟ' ਵਿੱਚ ਕੀਤੀ ਗਈ ਹੈ। ਇਸ ਸਾਰੇ ਬਿਰਤਾਂਤ ਦੇ ਸਤਾਈ ਮੁਖ ਪਾਤਰਾਂ ਦੇ ਜਨਮ/ਮੌਤ/ਸਥਾਨ ਤੇ ਮਹਾਰਾਜਾ ਦਲੀਪ ਸਿੰਘ/ਰਣਜੀਤ ਸਿੰਘ ਨਾਲ ਸੰਬੰਧਾਂ ਦੀ ਸੰਖਿਪਤ ਸੂਚੀ ਨਾਲ ਇਹ ਪੁਸਤਕ ਆਰੰਭ ਹੁੰਦੀ ਹੈ । ਪੰਜਾਬੀ ਪੁਸਤਕ ਨਾਲੋਂ ਖਾਸਾ ਵਿਸਤ੍ਰਿਤ ਹੈ ਇਸ ਦਾ ਕੈਨਵਸ । ਇਹ ਇਸ ਗਾਥਾ ਦੇ ਪਿਛੋਕੜ ਨੂੰ ੧੭੧੬ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਸਾਕੇ ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਦੀ ਆਖਰੀ ਨਿਸ਼ਾਨੀ ਉਸ ਦੀ ਧੀ ਬੰਬਾ ਸੂਦਰਲੈਂਡ ਦੇ ਦਸ ਮਾਰਚ ੧੯੫੭ ਵਿੱਚ ੧੦੪-ਏ, ਮਾਡਲ ਟਾਊਨ ਲਾਹੌਰ ਵਿੱਚ ਖਤਮ ਹੋਣ ਤਕ ਸੁਣਾਂਦੀ ਹੈ । ਅੰਗ੍ਰੇਜ਼ਾਂ ਦੀਆਂ ਸਾਜਿਸ਼ਾਂ ਦਾ ਮੁਲਤਾਨ ਦੇ ਦੀਵਾਨ ਮੂਲ ਰਾਜ ਦੇ ਪ੍ਰਸੰਗ ਵਿੱਚ ਜ਼ਿਕਰ, ਮੂਲ ਰਾਜ ਦੀ ਮਾਂ ਦੀ ਦਲੇਰੀ ਭਰੀ ਵੰਗਾਰ, ਮੂਲ ਰਾਜ ਦੀ ਬਗਾਵਤ, ਕਿਨੇਰੀ ਤੇ ਚਿਲਿਆਂਵਾਲਾ ਦੀਆਂ ਲੜਾਈਆਂ ਉਪਰੰਤ ਗੱਲ ਰਾਣੀ ਜਿੰਦਾਂ ਦੀ ਕੈਦ ਤਕ ਜਾ ਪਹੁੰਚਦੀ ਹੈ । ਕੈਦ ਵਿਚੋਂ ਭੱਜੀ ਰਾਣੀ ਜੰਗਲਾਂ ਦਰਿਆਵਾਂ ਵਿਚੋਂ ਲੰਘਦੀ ਨੇਪਾਲ ਜਾ ਪਹੁੰਚਦੀ ਹੈ । ਇਸੇ ਕਹਾਣੀ ਦਾ ਦੂਜਾ ਵਿਸਤਾਰ ਮੁਲਤਾਨ ਦੇ ਘੇਰੇ, ਮੂਲਰਾਜ ਦੀ ਕੈਦ, ਗੁਜਰਾਤ ਦੀ ਲੁਟ, ਮੂਲ ਰਾਜ ਦੀ ਅੰਗ੍ਰੇਜ਼ਾਂ ਦੀ ਕੈਦ ਵਿੱਚ ੧੮੫੧ ਵਿੱਚ ਬਕਸਰ ਵਿੱਚ ਮੌਤ ਹੈ । ਇਸ ਬਹਾਦਰ ਦੇਸ਼ ਭਗਤ ਪਰਿਵਾਰ ਦੀ ਧੀ, ਪਤਨੀ, ਤਿੰਨ ਪੁੱਤਰਾਂ ਤੇ ਨੂੰਹ ਨਾਲ ਵੀ ਅੰਗ੍ਰੇਜ਼ਾਂ ਨੇ ਬੁਰੀ ਕੀਤੀ । ਮੁਲਤਾਨ ਦੇ ਮਾਲਕ ਇਸ ਪਰਿਵਾਰ ਨੂੰ ਕੇਵਲ ਪਚਾਸੀ ਰੁਪਏ ਮਹੀਨੇ ਦੀ ਪੈਨਸ਼ਨ ਮਿਲੀ ਤੇ ਉਹ ਵੀ ਰੁਲ ਰੁਲ ਕੇ ।

ਮਹਾਰਾਜਾ ਦਲੀਪ ਸਿੰਘ ਬਾਰੇ ਅੰਗ੍ਰੇਜ਼ੀ ਸਾਜ਼ਿਸ਼ਾਂ ਤੋਂ ਪਰਦਾ ਉਠਾਣ ਲਈ ਲੇਖਕ ਨੇ ਅੰਗ੍ਰੇਜ਼ ਹਾਕਮਾਂ ਦੇ ਆਪਸੀ ਪੱਤਰ ਵਿਹਾਰ ਨੂੰ ਪੇਸ਼ ਕੀਤਾ ਹੈ ਕਿ ਉਹ ਕਿਵੇਂ ਪੰਜਾਬ ਉਤੇ ਦੇਰ ਤੋਂ ਅੱਖ ਰੱਖੀ ਬੈਠੇ ਸਨ ਤੇ ਆਪਣੇ ਕਮੀਨਗੀ ਭਰੇ ਉਦੇਸ਼ ਦੀ ਪੂਰਤੀ ਹਿਤ ਉਨ੍ਹਾਂ ਕਿਵੇਂ ਡੋਗਰਿਆਂ ਤੇ ਮਿਸਰਾਂ ਨਾਲ ਗਾਂਢ ਸਾਂਢ ਕੀਤੀ । ਦਲੀਪ ਨੂੰ ਗੱਦੀਉਂ ਲਾਹ ਕੇ ਪੰਜਾਬ ਤੋਂ ਕੱਢਣ, ਜਾਂਹਨ ਲਾਗਿਨ


Sri Satguru Jagjit Singh Ji eLibrary NamdhariElibrary@gmail.com

ਤੇ ਲੇਡੀ ਲਾਗਿਨ ਦਾ ਇਸ ਘਟਨਾ ਚਕਰ ਦੌਰਾਨ ਤੇ ਪਹਿਲਾਂ/ਪਿਛੋਂ ਦਾ ਰੋਲ, ਦਲੀਪ ਸਿੰਘ ਦੀ ਧਰਮ ਬਦਲੀ ਤੇ ਇੰਗਲੈਂਡ ਵਿੱਚ ਕਿਆਮ ਦਾ ਦਿਲ ਕੰਬਾਊ ਬਿਰਤਾਂਤ ਇਸ ਪੁਸਤਕ ਵਿੱਚ ਇੰਜ ਪੇਸ਼ ਹੈ ਜਿਵੇਂ ਹਰ ਘੜੀ, ਹਰ ਪਲ, ਹਰ ਕਦਮ ਉਤੇ ਸਰਦਾਰ ਗਿੱਲ ਇਸ ਦਾ ਗਵਾਹ ਹੋਵੇ । ਉਹ ਦਸਤਾਵੇਜ਼ੀ ਪ੍ਰਮਾਣਾਂ ਤੇ ਕਲਪਨਾ ਨਾਲ ਇਸ ਸਾਰੀ ਕਹਾਣੀ ਦਾ ਹਿਰਦੇ ਵੇਧਕ ਚਿਤ੍ਰ ਉਸਾਰਦਾ ਹੈ । ਇਹ ਬਿਰਤਾਂਤ ਅੰਗ੍ਰੇਜ਼ਾਂ ਪ੍ਰਤਿ ਫਿਟਕਾਰ ਅਤੇ ਮਹਾਰਾਜੇ ਨਾਲ ਹੋਏ ਅਨਿਆਂ ਕਾਰਨ ਉਸ ਪ੍ਰਤਿ ਤਰਸ ਤੇ ਹਮਦਰਦੀ ਦਾ ਜਵਾਰ ਭਾਟਾ ਸਿਰਜਦਾ ਹੈ।

ਇੰਗਲੈਂਡ ਵਿੱਚ ਮਲਿਕਾ ਵਿਕਟੋਰੀਆ ਨਾਲ ਮਹਾਰਾਜਾ ਦਲੀਪ ਸਿੰਘ ਦੇ ਸੰਬੰਧ, ਦਲੀਪ ਸਿੰਘ ਨੂੰ ਵਿਰਸੇ ਤੋਂ ਤੋੜਣ ਦੇ ਕੋਝੇ ਯਤਨ, ਮਾਂ/ਪੁੱਤ ਵਿੱਚ ਅੰਨ੍ਹੀ ਮਾਂ ਦੀ ਬੇਬਸੀ, ਦਲੀਪ ਸਿੰਘ ਦੀ ਬਗਾਵਤ, ਇਟਲੀ/ਰੂਸ ਦੀ ਯਾਤਰਾ, ਮਹਾਰਾਜੇ ਦੀਆਂ ਦੋ ਸ਼ਾਦੀਆਂ, ਔਲਾਦ, ਅੰਤਿਮ ਸਮਾਂ ਤੇ ਖਾਨਦਾਨ ਦੇ ਸਰਵਨਾਸ਼ ਦੇ ਦਸਤਾਵੇਜ਼ਾਂ ਉਤੇ ਆਧਾਰਿਤ ਵੇਰਵੇ ਇਸ ਪੁਸਤਕ ਦੇ ਪਾਠਕਾਂ ਨੂੰ ਭੁਲਾਇਆਂ ਵੀ ਨਹੀਂ ਭੁੱਲ ਸਕਦੇ । ਪੁਸਤਕ ਦੇ ਅੰਤ ਵਿੱਚ ਮਹਾਰਾਜਾ ਰਣਜੀਤ ਸਿੰਘ, ਦਲੀਪ ਸਿੰਘ, ਸੰਧਾਂਵਾਲੀਏ ਤੇ ਅਟਾਰੀ ਵਾਲੇ ਸਰਦਾਰਾਂ ਦੇ ਖਾਨਦਾਨਾਂ ਦੇ ਅਜੋਕੇ ਸਮੇਂ ਤਕ ਦੇ ਕੁਰਸੀਨਾਮੇ ਦਿਤੇ ਗਏ ਹਨ । ਮਹਾਰਾਜਾ ਦਲੀਪ ਸਿੰਘ ਦੀਆਂ ਧੀਆਂ ਦੀ ਵਸੀਅਤ ਦਰਜ ਕੀਤੀ ਗਈ ਹੈ । ਢਾਈ ਸੌ ਪੰਨੇ ਤੋਂ ਵਡੇਰਾ ਇਹ ਬਿਰਤਾਂਤ ਇੰਨ੍ਹਾਂ ਜਾਣਕਾਰੀ ਭਰਪੂਰ, ਪ੍ਰਮਾਣੀਕ ਤੇ ਦਿਲਚਸਪ ਹੈ ਕਿ ਪਾਠਕ ਇਸ ਨੂੰ ਸਾਹ ਰੋਕ ਕੇ ਆਦਿ ਤੋਂ ਅੰਤ ਤੱਕ ਪੜ੍ਹਣ ਲਈ ਮਜਬੂਰ ਹੋ ਜਾਂਦਾ ਹੈ ।

ਇਸ ਸਿਲਸਿਲੇ ਦੀ ਚੌਥੀ ਪੁਸਤਕ ਹੈ 'ਮਹਾਰਾਜਾ ਐਂਡ ਦੀ ਕੋਹਿਨੂਰ' । ਅੰਗ੍ਰੇਜ਼ੀ ਵਿੱਚ ਲਿਖੀ ਇਸ ਪੁਸਤਕ ਵਿੱਚ ਮਹਾਰਾਜਾ ਰਣਜੀਤ ਸਿੰਘ ਤੇ ਕੋਹਿਨੂਰ ਹੀਰੇ ਦੀ ਗਾਥਾ ਹੈ । ਲੇਖਕ ਨੇ ਪੁਸਤਕ ਦਾ ਆਰੰਭ ਮਹਾਰਾਜੇ ਦੇ ਜਨਮ, ਬਚਪਨ, ਸ਼ਖਸੀਅਤ, ਤਖ਼ਤ ਨਸ਼ੀਨੀ, ਸੁਭਾਅ, ਧਰਮ-ਪ੍ਰੇਮ ਪਹਿਰਾਵਾ, ਬਹਾਦਰੀ ਤੇ ਘੋੜਿਆਂ ਨਾਲ ਪ੍ਰੇਮ ਜਹੇ ਕੁਝ ਮਹੱਤਵ ਪੂਰਨ ਵੇਰਵਿਆਂ ਨਾਲ ਕੀਤਾ ਹੈ । ਇਸ ਉਪਰੰਤ ਉਹ ਕੰਵਰ ਨੌਨਿਹਾਲ ਸਿੰਘ ਦੀ ਸ਼ਾਹਾਨਾ ਸ਼ਾਦੀ ਦਾ ਵਿਸਤ੍ਰਿਤਤ ਵਰਣਨ ਕਰਦਾ ਹੈ । ਸ਼ਗਨ, ਵਟਨਾ, ਜੰਞ, ਦਾਜ ਦਿਤ, ਤੰਬੋਲ, ਰੀਸੈਪਸ਼ਨ ਦੀ ਸ਼ਾਨ ਸ਼ੌਕਤ ਇਸੇ ਸ਼ਾਨ ਸ਼ੌਕਤ ਦੀ ਅਗਲੀ ਕਹਾਣੀ ਹੈ ਜ਼ਮ ਜ਼ਮ ਤੋਪ । ਇਹ ਤੋਪ ਕਿਵੇਂ ਵੱਖ ਵੱਖ ਹੱਥਾਂ ਤੋਂ ਹੁੰਦੀ ਹੋਈ ਮਹਾਰਾਜੇ ਕੋਲ ਆਈ- ਇਸ ਦਾ ਜ਼ਿਕਰ ਇਹ ਦਸਦਾ ਹੈ ਕਿ ਸ਼ਾਨ ਸ਼ੌਕਤ ਵਾਲਾ ਹੀਰਾ ਹੋਵੇ, ਘੋੜਾ ਹੋਵੇ ਤੇ ਭਾਵੇਂ ਤੋਪ-ਉਸ ਲਈ ਜੰਗ ਯੁਧ ਤੇ ਟਕਰਾਵ ਹੋਣੇ ਕੋਈ ਅਨੋਖੀ ਗੱਲ ਨਹੀਂ ।

ਵਿਵਾਦ ਗ੍ਰਸਿਤ ਮੂਲ ਵਾਲੇ ਬਹੁ ਚਰਚਿਤ ਕੋਹਿਨੂਰ ਹੀਰੇ ਦੀ ਕਹਾਣੀ ਵੀ ਇਹੀ ਹੈ । ਇਹ ਵੀ ਕਈ ਹੱਥਾਂ ਵਿੱਚ ਗਿਆ । ਇਸ ਦੀ ਲਭਤ ਬਾਰੇ ਕਈ ਮਤ ਹਨ । ਕੋਈ ਕਹਿੰਦਾ ਹੈ ਇਹ ਗੁਦਾਵਰੀ ਨਦੀ ਦੇ ਪਾਟ ਵਿਚੋਂ ਮਛਲੀਪਟਨਮ ਨੇੜੇ ਲਭਾ । ਕੋਈ ਇਸ ਨੂੰ ਗੋਲਕੰਡਾ ਦੀਆਂ ਖਾਨਾਂ ਨਾਲ ਜੋੜਦਾ ਹੈ ਤੇ ਕੋਈ ਅਮਰਾਵਤੀ ਪਹਾੜ ਨਾਲ । ਕੋਈ ਇਸ ਨੂੰ ਮਹਾਂਭਾਰਤ, ਪਾਂਡਵਾਂ ਤੇ ਕੌਰਵਾਂ ਤਕ ਲਿਜਾਂਦਾ ਹੈ । ਕੋਈ ਪੋਰਸ, ਮੋਰੀਆ ਤੇ ਮਹਾਰਾਜਾ ਹਰਸ਼ ਤਕ । ਇੰਜ ਹੀ ਇਸ ਦੇ ਖਿਲਜ਼ੀ, ਤੁਗਲਕ, ਮੁਗਲ, ਦੁਰਾਨੀ ਤੇ ਅਬਦਾਲੀ ਸ਼ਹਿਨਸ਼ਾਹਾਂ ਦੇ ਕਬਜ਼ੇ ਵਿੱਚ ਰਹਿਣ ਦੀਆਂ ਕਹਾਣੀਆਂ ਵੀ ਹਨ ।


Sri Satguru Jagjit Singh Ji eLibrary NamdhariElibrary@gmail.com

ਇਤਿਹਾਸਕਾਰ ਮੰਨਦੇ ਹਨ ਕਿ ਔਰੰਗਜ਼ੇਬ ਨੇ ਆਪਣੇ ਮੋਰ ਦੀ ਸ਼ਕਲ ਦੇ ਤਖ਼ਤੇ ਤਾਊਸ ਵਿੱਚ ਇਸ ਨੂੰ ਜੜ ਰਖਿਆ ਸੀ । ਨਾਦਿਰ ਸ਼ਾਹ ਨੇ ਜਦੋਂ ਦਿੱਲੀ ਲੁੱਟੀ ਤਾਂ ਉਸ ਸਮੇਂ ਇਹ ਮੁਹੰਮਦ ਸ਼ਾਹ ਰੰਗੀਲੇ ਨੇ ਆਪਣੀ ਪਗੜੀ ਵਿਚ ਲੁਕਾ ਰਖਿਆ ਸੀ। ਉਸ ਨੇ ਰੰਗੀਲੇ ਨਾਲ ਪਗ ਵਟਾਈ ਤੇ ਇਹ ਹੀਰਾ ਉਸ ਹੱਥ ਆਇਆ । ਉਸ ਨੇ ਲਿਸ਼ਕਾਂ ਮਾਰਦੀ ਰੋਸ਼ਨੀ ਦੇ ਇਸ ਬੇਮਿਸਾਲ ਪਹਾੜ ਨੂੰ ਕੋਹਿਨੂਰ ਦਾ ਨਾਮ ਦਿਤਾ । ਨਾਦਰ ਦੇ ਖਾਨਦਾਨ ਤੋਂ ਇਹ ਅਬਦਾਲੀ ਤਕ ਪੁੱਜਾ । ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾਣ ਦੇ ਨਾਪਾਕ ਕੰਮ ਸਮੇਂ ਇੱਕ ਰੋੜਾ ਉਡ ਕੇ ਉਸ ਦੇ ਨੱਕ ਤੇ ਵੱਜਾ । ਨੱਕ ਉਤੇ ਹੋਇਆ ਜ਼ਖ਼ਮ ਨਸੂਰ ਬਣ ਗਿਆ ਤੇ ਅਬਦਾਲੀ ਤੜਪ ਤੜਪ ਕੇ ਮਰ ਗਿਆ । ਕੋਹਿਨੂਰ ਉਸ ਦੇ ਪੁੱਤਰ ਤੈਮੂਰ ਤੇ ਫਿਰ ਅਗਾਂਹ ਸ਼ਾਹ ਜ਼ਮਾਨ ਦੇ ਹੱਥਾਂ ਵਿੱਚ ਆ ਗਿਆ । ਮਹਾਰਾਜਾ ਰਣਜੀਤ ਸਿੰਘ ਨੇ ਅਬਦਾਲੀ ਦੇ ਪੋਤੇ ਸ਼ਾਹ ਜ਼ਮਾਨ ਤੋਂ ਇਹ ਹੀਰਾ ਜ਼ਬਰਦਸਤੀ ਕਢਵਾਇਆ ਅਤੇ ਆਪਣੇ ਤੋਸ਼ੇ ਖਾਨੇ ਦਾ ਸ਼ਿੰਗਾਰ ਬਣਾਇਆ । ਇਸ ਦੀ ਕੀਮਤ ਦਾ ਅੰਦਾਜ਼ਾ ਇਸ ਗੱਲੋਂ ਹੁੰਦਾ ਹੈ ਕਿ ਅਬਦਾਲੀ ਦੇ ਪੋਤਰੇ ਨੇ ਕਿਸੇ ਸਮੇਂ ਇਸ ਨੂੰ ਛੇ ਕਰੋੜ ਰੁਪਏ ਵਿੱਚ ਗਿਰਵੀ ਰੱਖਿਆ ਸੀ । ਅੰਗ੍ਰੇਜ਼ ਕਹਿੰਦੇ ਸਨ ਕਿ ਇਸ ਦਾ ਮੁੱਲ ਕੁੱਲ ਦੁਨੀਆਂ ਦੀ ਅੱਧੀ ਦੌਲਤ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਹ ਅਬਦਾਲੀ ਖਾਨਦਾਨ ਤੋਂ ਹਿੱਕ ਦੇ ਜ਼ੋਰ ਨਾਲ ਖੋਹਿਆ ਸੀ । ਇਸ ਲਈ ਉਸ ਨੂੰ ਕਿਸੇ ਨੇ ਕੋਹਿਨੂਰ ਦਾ ਮੁੱਲ ਪੁਛਿਆ ਤਾਂ ਉਸ ਕਿਹਾ ਸੀ– ਪੰਜ ਘਸੁੰਨ ਤੇ ਛਿੱਤਰ !

ਸਰਦਾਰ ਗਿੱਲ ਦਸਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਸ਼ਾਹੀ ਸਮਾਗਮਾਂ ਸਮੇਂ ਇਹ ਹੀਰਾ ਡੌਲੇ ਉਤੇ ਬੰਨ੍ਹਿਆ ਕਰਦਾ ਸੀ । ਛੱਬੀ ਸਾਲ ਤੇ ਛੱਬੀ ਦਿਨ ਕੋਹਿਨੂਰ ਉਸ ਕੋਲ ਰਿਹਾ । ਉਸ ਦੀ ਮੌਤ ਸਮੇਂ ਧਿਆਨ ਸਿੰਘ ਡੋਗਰਾ ਨੇ ਕਿਹਾ ਕਿ ਇਹ ਜਗਨ ਨਾਥ ਪੁਰੀ ਦੇ ਮੰਦਿਰ ਨੂੰ ਦਾਨ ਕਰ ਦਿਤਾ ਜਾਵੇ । ਮਿਸਰ ਬੇਲੀ ਰਾਮ ਨੇ ਵਿਰੋਧ ਕੀਤਾ ਤੇ ਇਹ ਮਹਾਰਾਜੇ ਦੇ ਖਾਨਦਾਨ ਵਿੱਚ ਰਹਿ ਕੇ ਆਖਰ ਦਲੀਪ ਸਿੰਘ ਕੋਲ ਪਹੁੰਚ ਗਿਆ । ਅਪ੍ਰੈਲ ੧੮੪੯ ਵਿੱਚ ਅੰਗ੍ਰੇਜ਼ਾਂ ਨੇ ਖੋਹ ਕੇ ਇਸ ਨੂੰ ਇੰਗਲੈਂਡ ਦੀ ਰਾਣੀ ਵਿਕਟੋਰੀਆ ਦੀ ਮਲਕੀਅਤ ਬਣਾ ਦਿੱਤਾ । ਹੋਸ਼ ਆਉਣ ਉਤੇ ੧੮੬੧ ਵਿੱਚ ਦਲੀਪ ਸਿੰਘ ਨੇ ਬਕਾਇਦਾ ਚਿੱਠੀ ਪੱਤਰ ਕਰ ਕੇ ਕੋਹਿਨੂਰ ਦੀ ਵਾਪਸੀ ਦੀ ਮੰਗ ਅੰਗ੍ਰੇਜ਼ਾਂ ਤੋਂ ਕੀਤੀ ਜੋ ਬਾਰ ਬਾਰ ਠੁਕਰਾਈ ਗਈ । ਦੇਸ਼ ਵੰਡ ਉਪਰੰਤ ਪਾਕਿਸਤਾਨ ਤੇ ਹਿੰਦੁਸਤਾਨ ਦੀਆਂ ਸਰਕਾਰਾਂ ਨੇ ਇਸ ਹੀਰੇ ਉਤੇ ਆਪੋ ਆਪਣਾ ਹੱਕ ਜਤਾਇਆ ਹੈ । ਸੰਧਾਂਵਾਲੀਏ ਸਰਦਾਰਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਇਸ ਬਾਰੇ ਕਾਨੂੰਨੀ ਵਿਰਾਸਤ ਦਾ ਮਸਲਾ ਵੀ ਉਠਾਇਆ ਹੈ । ਕੋਹਿਨੂਰ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਾਰੀ ਕਹਾਣੀ ਆਪਣੀਆਂ ਹੋਰ ਪੁਸਤਕਾਂ ਵਾਂਗ ਇਸ ਪੁਸਤਕ ਵਿੱਚ ਵੀ ਸਰਦਾਰ ਗਿੱਲ ਨੇ ਪ੍ਰਮਾਣੀਕ ਸਬੂਤ ਤੇ ਇਤਿਹਾਸਕ ਹਵਾਲੇ ਦਿੰਦੇ ਹੋਏ ਪੇਸ਼ ਕੀਤੀ ਹੈ ।

ਸਿੱਖ ਰਾਜ ਦੇ ਗੌਰਵ, ਪਤਨ, ਬਦਨਸੀਬ ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਦੁਖਾਂਤ ਬਾਰੇ ਤੁਸੀਂ ਭਾਵੇਂ ਸ਼ਰਧਾ/ਭਾਵੁਕਤਾ ਵਸ ਕੁਝ ਜਾਣਨਾ ਚਾਹੋ ਅਤੇ ਭਾਵੇਂ ਅਕਾਦਮਿਕ ਖੋਜ ਪਖੋਂ ਸਰਦਾਰ ਅਵਤਾਰ ਸਿੰਘ ਗਿਲ ਦੀਆਂ ਪੁਸਤਕਾਂ ਤੁਹਾਨੂੰ ਮੁਲਵਾਨ ਪ੍ਰਤੀਤ ਹੋਣਗੀਆਂ।

+++


Sri Satguru Jagjit Singh Ji eLibrary NamdhariElibrary@gmail.com

# ਦਸਮੇਸ਼ ਦਰਪਣ - ੩

-ਡਾ. ਤਾਰਨ ਸਿੰਘ

'ਬਚਿਤ੍ਰ ਨਾਟਕ' ਆਪਣੀ ਕਥਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰੀ ਗੁਰ ਇਤਿਹਾਸ ਵਿਚ ਇਕ ਹੋਰ ਨੁਕਤਾ ਖੜਾ ਕੀਤਾ ਹੈ। ਜਿਸਦਾ ਸਮਾਧਾਨ ਵੀ ਸਾਨੂੰ ਪੂਰੀ ਸੂਝ ਨਾਲ ਕਰਨਾ ਚਾਹੀਦਾ ਹੈ। ਆਪ ਨੇ ਲਿਖਿਆ ਹੈ :-

ਅਬ ਮੈ ਅਪਨੀ ਕਥਾ ਬਖਾਨੋ ॥
ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮ ਕੁੰਟ ਪਰਬਤ ਹੈ ਜਹਾਂ ॥
ਸਪਤਸ੍ਰਿੰਗ ਸੋਭਿਤ ਹੈ ਤਹਾਂ ॥੧॥......
ਇਹ ਬਿਧਿ ਕਰਤ ਤਪੱਸਿਆ ਭਯੋ ॥
ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥
ਤਾਤ ਮਾਤ ਮੁਰ ਅਲਖ ਅਰਾਧਾ ॥
ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥

ਇਸ ਸੰਕੇਤ ਨਾਲ ਹੇਮ ਕੁੰਟ ਤਪੋ ਧਾਮ ਦੇ ਲੱਭਣ ਦੀ ਰੁਚੀ ਸਿੱਖਾਂ ਵਿਚ ਪੈਦਾ ਹੋਈ ਅਤੇ ਉਹਨਾਂ ਉਹ ਧਾਮ ਆਪਣੇ ਖਿਆਲ ਅਨੁਸਾਰ ਨਿਸਚਿਤ ਕਰ ਲਇਆ ਹੈ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਰੇ ਲਿਖਿਆ ਹੈ :-

ਪਹਿਲਾ ਬਾਬੇ ਪਾਯਾ ਬਖਸੁ ਦਰਿ
ਪਿਛੋ ਦੇ ਫਿਰਿ ਘਾਲਿ ਕਮਾਈ।
ਰੇਤੁ ਅੱਕ ਆਹਾਰੁ ਕਰਿ
ਰੋੜਾ ਕੀ ਗੁਰ ਕੀਅ ਵਿਛਾਈ।....
ਬਾਬੇ ਭੇਖ ਬਣਾਇਆ
ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪॥

ਇਹ ਗੁਰੂ ਨਾਨਕ ਸਾਹਿਬ ਦਾ ਤਪੋ ਧਾਮ ਕਿਥੇ ਹੈ ? ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤਪੋ ਧਾਮ ਲੱਭਣਾ ਜ਼ਰੂਰੀ ਹੈ ਤਾਂ ਗੁਰੂ ਨਾਨਕ ਸਾਹਿਬ ਦਾ ਤਪੋ ਧਾਮ ਲੱਭਣਾ ਕਿਉਂ ਜ਼ਰੂਰੀ ਨਹੀਂ ? ਉਥੇ 'ਸਪਤ ਸ੍ਰਿੰਗ' ਦਾ ਸੰਕੇਤ ਹੈ, ਇਥੇ ਕਿਸੇ 'ਰੇਤ ਅੱਕ' ਵਾਲੇ ਮਾਰੂਥਲ ਦਾ ਸੰਕੇਤ ਜਾਪਦਾ ਹੈ।

'ਤਪੋ ਧਾਮ' ਫਿਰ ਹੋਰ ਵੀ ਗੁਰੂ ਸਾਹਿਬਾਂਨ ਦੇ ਲੱਭਣੇ ਉਚਿਤ ਹਨ। ਵਿਚਾਰਨਾ ਇਹ ਹੈ ਕਿ ਦੋਹਾਂ ਹਾਲਤਾਂ ਵਿਚ 'ਦ੍ਵੈ ਤੇ ਏਕ ਰੂਪ' ਅਤੇ 'ਬਾਬਾ ਪੈਧਾ ਸਚਖੰਡ' ਦਾ ਸੰਕੇਤ ਹੈ ਕਿ ਇਹ 'ਨਾਨਕ ਜੋਤਿ' ਨੂੰ 'ਪਠਾਯਾ' ਗਿਆ। ਤਾਂ ਫਿਰ ਪਹਿਲੇ ਤਪੋ ਧਾਮ ਨਾਲ ਸਿਖਾਂ ਦਾ ਕੀ ਸਬੰਧ ਹੈ ? ਉਹਨਾਂ ਦਾ ਸਬੰਧ ਤਾਂ ਉਸ 'ਜੋਤਿ' ਨਾਲ ਹੈ ਜੋ ਨਾਨਕ ਗੋਬਿੰਦ ਰੂਪ ਵਿਚ ਪ੍ਰਗਟ ਹੋਈ। ਜਿਥੇ ਤੀਕ ਉਹ ਤਪ ਜਾਰੀ ਸੀ, ਉਤਨੇ ਤੀਕ ਉਸ ਜੋਤਿ ਨੇ ਨਾਨਕ ਗੋਬਿੰਦ 'ਪੂਰਨ ਗੁਰੂ' ਦਾ ਰੂਪ ਧਾਰਨ ਨਹੀਂ ਸੀ ਕੀਤਾ।

ਪਤਾ ਨਹੀਂ ਇਸ 'ਜੋਤਿ' ਨੇ ਪਹਿਲਾਂ ਕਿਤਨੇ ਰੂਪ ਧਾਰਨ ਕੀਤੇ ਸਨ ਜਿਵੇਂ 'ਬੋਧ ਸਤਵਾ' ਅਤੇ 'ਜੈਨ ਤੀਰਥੰਕਰਾਂ' ਨੇ ਕੀਤੇ ਸਨ ਤੇ ਉਹ ਸਾਰੇ ਜਨਮ ਹਾਲਾਤ ਕੌਣ ਲੱਭੇ।

'ਹੇਮ ਕੁੰਟ' ਤੋਂ ਹੀ ਰੁਚੀ ਪੈਦਾ ਹੋਈ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਤਪੋ ਧਾਮ ਵੀ ਲੱਭਿਆ ਜਾਵੇ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਕੇਤ ਕੀਤਾ ਹੈ :-

ਤਾਤ ਮਾਤ ਮੁਰ ਅਲਖ ਅਰਾਧਾ।
ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥

ਅਤੇ ਕੁਝ ਸਿੱਖਾਂ ਨੇ 'ਹੇਮ ਕੁੰਟ' ਤੋਂ ਕੁਝ ਉਪਰ ਉਹ ਤਪੋ ਧਾਮ ਵੀ ਨਿਸਚਿਤ ਕਰ ਲਿਆ ਹੈ ਜਿਥੇ (ਸ੍ਰੀ ਗੁਰੂ) ਤੇਗ ਬਹਾਦਰ ਜੀ ਨੇ ਤਪੱਸਿਆ ਕੀਤੀ ਸੀ।


Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਅਸੀਂ ਬੜੇ ਝਮੇਲੇ ਵਿਚ ਫਸ ਜਾਵਾਂਗੇ । ਸਾਡਾ ਸਬੰਧ ਕੇਵਲ ਉਸ ਪ੍ਰਕਾਸ਼ ਤੇ ਭਵ ਨਾਲ ਹੈ ਜੋ ਇਤਿਹਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦ੍ਰਿੜ ਹੈ । 'ਹੇਮ ਕੁੰਟ' ਅਨਕ ਖੋਜੀਆਂ ਨੇ ਹੋਰ-ਹੋਰ ਥਾਈਂ ਵੀ ਨਿਸਚਿਤ ਕੀਤਾ ਹੈ ਜਿਵੇਂ 'ਕਲਕੀ ਅਵਤਾਰ' ਦਾ ਜਨਮ ਅਸਥਾਨ।

'ਤਪ ਸਾਧਨ' ਦੀ ਮਹਾਨਤਾ ਝੁਠਲਾਈ ਨਹੀਂ ਜਾ ਸਕਦੀ ਪਰ ਤਪੱਸਿਆ ਉਪਰੰਤ ਉਨ੍ਹਾਂ ਸਾਨੂੰ ਆ ਕੇ 'ਨਾਮ ਸਾਧਨ' ਹੀ ਦਸਿਆ ਹੈ ਅਤੇ ਅਸੀਂ ਉਸੇ 'ਨਾਮ-ਭਗਤੀ' ਤੇ ਦ੍ਰਿੜ ਹਾਂ। ਕੀ ਸਿੱਖ 'ਤਪ ਸਾਧਨ' ਬਲ ਨੂੰ ਮੁੜਨਾ ਚਾਹੁੰਦੇ ਹਨ ?

(੩)

'ਬਚਿਤ੍ਰ ਨਾਟਕ' ਆਪਣੀ ਕਥਾ ਵਿਚ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਸੰਨ ਸੰਮਤ ਨਹੀਂ ਦਸਿਆ । ਆਪਜੀ ਨੇ ਆਪਣਾ ਜਾਂ ਪਹਿਲੇ ਗੁਰੂ ਸਾਹਿਬਾਂਨ ਵਿਚੋਂ ਕਿਸੇ ਦਾ ਪ੍ਰਗਟਣ ਜਾਂ ਜੋਤੀ ਜੋਤਿ ਸਮਾਣ ਦਾ ਕੋਈ ਸੰਮਤ ਨਹੀਂ ਦਿੱਤਾ । ਸਾਨੂੰ ਇਤਿਹਾਸ ਵਿਚੋਂ ਹੀ ਪਤਾ ਲਗਦਾ ਹੈ ਕਿ ਆਪਜੀ ਨੂੰ ਲਗ-ਪਗ ਪੰਜ ਸਾਲ ਪਟਨਾ ਸ਼ਹਿਰ ਵਿਖੇ ਰਹਿਣਾ ਪਿਆ । ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਵਲ ਗਏ ਹੋਏ ਸਨ । ਆਪਜੀ ਉਥੋਂ ਹੀ ਸਿਧੇ ਪੰਜਾਬ ਆ ਗਏ । ਪਰਿਵਾਰ ਪਟਨਾ ਸਾਹਿਬ ਹੀ ਰਿਹਾ । ਮਗਰੋਂ ਪਰਿਵਾਰ ਪੰਜਾਬ ਆ ਗਿਆ । ਪੰਜਾਬ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਮੱਦ੍ਰ ਦੇਸ' ਕਰ ਕੇ ਲਿਖਿਆ ਹੈ :-

ਮੱਦ੍ਰ ਦੇਸ ਹਮ ਕੋ ਲੇ ਆਏ ॥
ਭਾਂਤਿ ਭਾਂਤਿ ਦਾਈਅਨ ਦੁਲਰਾਏ ॥੨।
ਕੀਨੀ ਅਨਿਕ ਭਾਂਤਿ ਤਨ ਰੱਛਾ ।
ਦੀਨੀ ਭਾਂਤਿ ਭਾਂਤਿ ਕੀ ਸਿੱਛਾ ।......।੩।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦ ਹੋਏ, ਉਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਵਲ ਨੌਂ ਸਾਲਾਂ ਦੇ ਸਨ । ਪਰ ਆਪ ਜੀ ਨੇ ਦਸਿਆ ਹੈ ਕਿ ਆਪਜੀ ਨੂੰ 'ਭਾਂਤਿ ਭਾਂਤਿ ਦੀ ਸਿੱਛਾ' ਦਿੱਤੀ ਗਈ ਸੀ । ਇਹ ਗੱਲ ਵੀ ਸਾਡੇ ਇਕ ਦ੍ਰਿਸ਼ਟੀ-ਕੋਨ ਨੂੰ ਸਪੱਸ਼ਟ ਕਰਦੀ ਹੈ । ਆਮ ਪੁਰਾਤਨ ਪ੍ਰਚਲਤ ਵਿਚਾਰ ਹੈ ਕਿ ਅਵਤਾਰ ਨਬੀ ਸੰਸਾਰਕ ਅਧਿਆਪਕਾਂ ਤੋਂ ਵਿਦਿਆ ਨਹੀਂ ਪਰਾਪਤ ਕਰਦੇ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਿਝੱਕ ਹੋ ਕੇ ਕਹਿ ਰਹੇ ਹਨ ਕਿ ਉਹਨਾਂ ਨੇ ਵਿਦਿਆ ਪਰਾਪਤ ਕੀਤੀ ।

ਜਿਤਨੀ ਮਹਾਂ ਕੋਸ਼ਕ ਜਾਣਕਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਮ ਗ੍ਰੰਥ ਵਿਚ ਹੈ, ਉਹ ਆਪਜੀ ਨੇ ਅਨੇਕ ਗ੍ਰੰਥਾਂ ਦੇ ਪਾਠ ਵਿਚੋਂ ਜਾਂ ਉਹਨਾਂ ਦੇ ਸਾਰੰਸ਼ ਸੁਣ ਕੇ ਪਰਾਪਤ ਕੀਤੀ । ਜਿਤਨਾ ਭਾਰੀ ਆਪਜੀ ਦਾ ਬੋਲੀਆਂ ਤੇ ਕਾਬੂ ਹੈ, ਉਹ ਵੀ ਬੜੀ ਸਿੱਛਾ ਦੀ ਮੰਗ ਕਰਦਾ ਹੈ । ਜਿਤਨਾ ਆਪਜੀ ਨੂੰ ਛੰਦਾਂ ਦੀ ਵਰਤੋਂ ਅਤੇ ਛੰਦਾਂ ਬੰਦੀ ਤੇ ਅਧਿਕਾਰ ਪਰਾਪਤ ਹੈ, ਉਸ ਲਈ ਵੀ ਬੜੇ ਅਭਿਆਸ ਦੀ ਲੋੜ ਹੈ । ਸ਼ਸਤ੍ਰ ਵਿਦਿਆ ਤੇ ਨਿਰਸੰਦੇਹ ਆਪਜੀ ਨੂੰ ਦਿੱਤੀ ਗਈ ।

ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਇਹ ਪਰਵਾਨ ਕੀਤਾ ਜਾ ਸਕਦਾ ਹੈ ਕਿ ਉਹਨਾਂ ਨੂੰ ਸਿਲਸਲੇਵਾਰ ਵਿਦਿਆ ਦਿੱਤੀ ਗਈ ਤਾਂ ਹੋਰ ਗੁਰੂ ਸਾਹਿਬਾਨ ਬਾਰੇ ਵੀ ਇਹ ਗੱਲ ਮੰਨਣ ਵਿਚ ਝਿੱਜਕ ਨਹੀਂ ਹੋਣੀ ਚਾਹੀਦੀ । ਜੋ ਢੰਗ ਵੀ ਗੁਰੂ ਸਾਹਿਬਾਨ ਦੇ ਸਮੇਂ ਵਿਦਿਆ ਪਰਾਪਤੀ ਦੇ ਮੌਜੂਦ ਸਨ, ਆਪਜੀ ਨੇ ਉਹਨਾਂ ਦਾ ਲਾਭ ਪਰਾਪਤ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਪਸ਼ਟ ਕੀਤਾ ਹੈ :-


Sri Satguru Jagjit Singh Ji eLibrary NamdhariElibrary@gmail.com

ਇਹ ਬਿਧਿ ਕਰਤ ਤਪੱਸਿਆ ਭਯੋ ॥
ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਹਰਿ ਜਿਉ ਬਨਿਆਈ' ਸੀ । ਗੁਰਤਾ ਦੀ ਪਦਵੀ ਤੇ ਉਹ 'ਏਕ ਰੂਪ' ਹੈ, ਉਹ ਤਜਰਬਾ ਜਿਸ ਨੇ 'ਏਕ ਰੂਪ' ਕੀਤਾ । ਪਰ ਬਾਕੀ ਸਭ ਕੁਝ ਗੁਰੂ ਸਾਹਿਬਾਨ ਵੀ ਉਹਨਾਂ ਸਥਾਨਕ ਹਾਲਾਤ ਵਿਚੋਂ ਪਰਾਪਤ ਕਰਦੇ ਹਨ ਜਿਥੇ 'ਗੁਰ ਜੋਤਿ' ਪ੍ਰਕਾਸ਼ਮਾਨ ਹੁੰਦੀ ਹੈ। 'ਗੁਰ ਜੋਤਿ' ਦੀ ਕੋਈ ਵਿਸ਼ੇਸ਼ ਬੋਲੀ ਨਹੀਂ ਹੈ, ਉਹ ਜਿਸ ਦੇਸ਼ ਵਿਚ ਪ੍ਰਕਾਸ਼ਮਾਨ ਹੁੰਦੀ ਹੈ, ਉਸ ਦੇਸ਼ ਦੀ ਬੋਲੀ ਗ੍ਰਹਿਣ ਕਰਦੀ ਹੈ, ਉਥੋਂ ਦੇ ਸਥਾਨਕ ਹਾਲਾਤ ਦੇ ਸੁਧਾਰ ਲਈ ਹੀ ਯਤਨ ਕਰਦੀ ਹੈ ਅਤੇ ਸਥਾਨਕ ਚਿਨ੍ਹਾਂ ਵਿਚ ਸਰਬ-ਸਾਂਝੇ ਮਾਨਵੀ ਸਿਧਾਂਤਾਂ ਨੂੰ ਪ੍ਰਕਾਸ਼ਮਾਨ ਕਰਦੀ ਹੈ ।

ਗੁਰੂ-ਜੋਤਿ ਆਦਿ ਕਾਲ ਤੋਂ ਇਕੋ ਰਹੀ ਹੈ, ਭਾਵੇਂ ਉਹ ਜਿਹੜੇ ਸਥਾਨ ਅਤੇ ਕਾਲ ਵਿਚ ਪ੍ਰਕਾਸ਼ਮਾਨ ਹੋਈ ਹੈ । ਉਸ 'ਜੋਤਿ' ਦਾ ਸਦਾ ਮੰਤਵ ਵੀ ਇਕੋ ਰਿਹਾ ਹੈ। ਉਸ ਜੋਤਿ ਦਾ 'ਤਮਾਸ਼ਾ' ਅਨੇਕ ਜਨਮਾਂ ਵਿਚ ਹੁੰਦਾ ਰਿਹਾ ਹੈ, ਉਹ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਜਿਨ੍ਹਾਂ ਨੇ ਗੰਗਾ ਤਟ ਤੇ ਜਨਮ ਲਿਆ, ਜਮਨਾ ਤਟ ਤੇ ਬਿਰਾਜੇ ਅਤੇ ਗੋਦਾਵਰੀ ਤਟ ਤੇ ਜੋਤੀ ਜੋਤਿ ਸਮਾਏ । ਇਹ ਤਿੰਨੋ ਦਰਿਆ ਭਾਰਤੀ ਗੁਰ ਜੋਤਿ ਪ੍ਰਕਾਸ਼ ਦੇ ਕੇਂਦਰ ਤਟ ਰਹੇ ਹਨ । ਗੁਰੂ ਜੋਤਿ ਨੇ ਹੀ ਸਾਰਾ ਤਮਾਸ਼ਾ ਵੇਖਿਆ ਅਤੇ ਬਚਿਤ੍ਰ ਨਾਟਕ ਵਿਚ ਆਪ ਹੀ ਸਾਰਾ ਤਮਾਸਾ ਸੁਣਾਇਆ । 'ਚੰਡੀ' ਵੀ ਇਸੇ ਜੋਤਿ-ਸਰੂਪ ਦਾ ਇਕ ਪ੍ਰਕਾਸ਼ ਸੀ । ਰਾਮ ਜੀ, ਕ੍ਰਿਸ਼ਨ ਜੀ, ਮੀਰ ਮਹਿੰਦੀ, ਬੁੱਧ ਆਦਿ ਸਭ ਇਸੇ ਦਾ ਪ੍ਰਕਾਸ਼ ਹੋਏ ਹਨ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਵਿਚਾਰਨਾ ਹੈ। ਗੁਰੂ ਜੋਤਿ ਨੇ -

ਸਰਬ ਕਾਲ ਸਭ ਸਾਧ ਉਬਾਰੇ ॥
ਦੁਖੁ ਦੈ ਕੈ ਦੋਖੀ ਸਭ ਮਾਰੇ ॥....
ਜੋ ਜੋ ਜਨਮ ਪੂਰਬਲੇ ਹੇਰੇ ।
ਕਹਿਹੋ ਸੁ ਪ੍ਰਭੁ ਪ੍ਰਾਕ੍ਰਮ ਤੇਰੇ ॥੪॥
..... ..... ..... .....
ਜਿਹ ਜਿਹ ਬਿਧ ਜਨਮਨ ਸੁਧਿ ਆਈ ।
ਤਿਮ ਤਿਮ ਕਹੇ ਗਰਬ ਬਨਾਈ ।.......
ਛੋਰ ਕਥਾ ਤਬ ਪ੍ਰਥਮ ਸੁਨਾਈ ।
ਅਬ ਚਾਹਤ ਫਿਰ ਕਰੌ ਬਡਾਈ ।੧੧।

(ਬਚਿਤ੍ਰ ਨਾਟਕ)

ਇਹ 'ਜੋਤਿ' ਵਖੋ ਵਖ ਰੂਪਾਂ ਵਿਚ ਉਸੇ ਪ੍ਰਯੋਜਨ ਲਈ ਆਉਂਦੀ ਰਹੀ ਹੈ ਜੋ ਪ੍ਰਯੋਜਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪ੍ਰਕਾਸ਼ ਦਾ ਦੱਸਿਆ ਹੈ :

ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥....

(ਬਚਿਤ੍ਰ ਨਾਟਕ)

ਇਸ 'ਗੁਰ ਜੋਤਿ' ਦਾ ਅੱਗਾ ਪਿੱਛਾ ਕੀ ਹੈ ?

ਸਰਬ ਕਾਲ ਹੈ ਪਿਤਾ ਅਪਾਰਾ ॥
ਦੇਬਿ ਕਾਲਕਾ ਮਾਤ ਹਮਾਰਾ ॥......

(ਬਚਿਤ੍ਰ ਨਾਟਕ)

ਇਕੋ ਜੋਤਿ ਨੇ 'ਜੇ ਜੇ ਚਰਿਤ ਪੁਰਾਤਨ ਲਹੇ'-ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੁਣਾ ਦਿਤੇ ਹਨ । ਉਹ ਸਾਰੇ ਚੋਬੀਸ ਅਵਤਾਰਾਂ ਦਾ ਤਮਾਸ਼ਾ ਹੈ । 'ਜੋਤਿ' ਪ੍ਰਗਟ ਹੁੰਦੀ ਹੈ ਅਤੇ ਅਲੋਪ ਹੁੰਦੀ ਹੈ । 'ਪ੍ਰਗਟ' ਤੇ 'ਅਲੋਪ' ਲਈ ਸਾਰੇ ਕਾਰਨ ਅਕਾਲ ਪੁਰਖ ਆਪ ਹੀ ਪੈਦਾ ਕਰਦਾ ਹੈ । ਪ੍ਰਗਟ ਤੇ ਅਲੋਪ ਕੇਵਲ ਤਮਾਸ਼ਾ ਹੈ ।

(ਚਲਦਾ.......)


Sri Satguru Jagjit Singh Ji eLibrary NamdhariElibrary@gmail.com

ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ
ਚਿੱਠਾ ਆਮਦਨ-ਖਰਚ ਮਹੀਨਾ ਮਾਰਚ ੨੦੧੦

**GURUDWARA TAKHAT SACHKHAND SRI HAZUR**
**ABCHAL NAGAR SAHIB BOARD, NANDED**
**RECEIPTS AND PAYMENT SHEET**
**FOR THE MONTH OF MARCH 2010**

| SR. | NAME OF FUNDS | RECEIPTS | PAYMENTS |
|---|---|---|---|
| 1 | CMD | - | 250.00 |
| 2 | Deposit | 599661.00 | 604188.00 |
| 3 | GPF FDR | 9025.00 | - |
| 4 | Income Tax | 118986.00 | 154595.00 |
| 5 | Security Deposit | 312068.00 | 1115441.00 |
| 6 | Advertisement | - | 30792.00 |
| 7 | Akhand Path | 2629554.00 | 981300.00 |
| 8 | Ambulance | 1,500.00 | 540.00 |
| 9 | Bahingum Fund | - | 606.00 |
| 10 | Building Fund | 7831393.15 | 4982805.50 |
| 11 | Computer | - | 5000.00 |
| 12 | Court Expenses | - | 3390.00 |
| 13 | Dharam Prachar | 428230.00 | 376946.22 |
| 14 | Education Fund | 818100.00 | 268.00 |
| 15 | Electricity | - | 1960633.00 |
| 16 | EPF Advance Recovery | 82515.00 | - |
| 17 | EPF Employers Share | - | 586724.00 |
| 18 | Festival | - | 117830.00 |
| 19 | Golak | 9108665.00 | - |
| 20 | Gratuity | - | 46090.00 |
| 21 | Gurudwara Banda Ghat Sahib | 401785.00 | 11699.00 |
| 22 | Gurudwara Basmat Nagar Sahib | 333209.00 | 9809.00 |
| 23 | Gurudwara Bhajan Garh Sahib | 235219.00 | 16400.00 |
| 24 | Gurudwara Bowli Sahib | 161733.00 | 13410.00 |
| 25 | Gurudwara Gobind Bagh | 21134.00 | 2446710.00 |
| 26 | Gurudwara Hira Ghat Sahib | 519760.00 | 230.00 |
| 27 | Gurudwara Mahakal Sahib | 14828.00 | - |

Sri Satguru Jagjit Singh Ji eLibrary NamdhariElibrary@gmail.com

| | | | |
|---|---|---|---|
| 28 | Gurudwara Maltekri Sahib | 462203.00 | 1310.00 |
| 29 | Gurudwara Nagina Ghat Sahib | 466112.00 | 19800.00 |
| 30 | Gurudwara Sangat Sahib | 395006.00 | 555.00 |
| 31 | Gurudwara Shikarghat Sahib | 647140.00 | 6255.00 |
| 32 | Honorarium | - | 125680.00 |
| 33 | Hospital | 62329.00 | 31468.30 |
| 34 | Hostel Nanded | 595.00 | 25000.00 |
| 35 | Interest | 2885547.88 | - |
| 36 | I.T.I. | - | 525960.00 |
| 37 | Kheti Bowli | - | 26511.00 |
| 38 | Kheti Dabad | 188272.00 | 77414.57 |
| 39 | Kheti Malli | 9252.00 | 26073.00 |
| 40 | Kheti Pohradevi | 1,000.00 | - |
| 41 | Langer | 16661808.40 | 1329707.80 |
| 42 | Library | 96000.00 | 4,115.00 |
| 43 | Maintanance | - | 14569.80 |
| 44 | Management | - | 10769.00 |
| 45 | Medical, Sports & Other Aid | 300.00 | 28,600.00 |
| 46 | Melawa | 46375.00 | - |
| 47 | Miscellaneous | - | 8446.00 |
| 48 | Motor Tax & Insurance | - | - |
| 49 | Motor Vehicle | - | 104875.73 |
| 50 | Musium | - | 43780.00 |
| 51 | Nishan Sahib | 98750.00 | 27698.00 |
| 52 | Postage | - | 6186.00 |
| 53 | Prashad | 3136404.00 | 4122683.00 |
| 54 | Printing Press | - | 14273.00 |
| 55 | Property Tax | 161762.00 | - |
| 56 | Puja Path | 3583.00 | 40881.50 |
| 57 | Ramgaria Bunga | - | 254342.00 |
| 58 | Rent | 1282706.00 | - |
| 59 | Sachkhand Patra | 64054.00 | 29995.00 |
| 60 | Sahej Path | 133100.00 | 600.00 |
| 61 | Salary | 9899.00 | 4237379.00 |
| 62 | Sales of Old Stock | - | - |
| 63 | Saptah Path | 22,100.00 | 1,625.00 |

Sri Satguru Jagjit Singh Ji eLibrary NamdhariElibrary@gmail.com

| | | | |
|---|---|---|---|
| 64 | Scholarship | 19740.00 | - |
| 65 | Shabad Bheta | 226747.00 | 31912.00 |
| 66 | Sirepao | 4600.00 | - |
| 67 | Stable | 450929.00 | 900.00 |
| 68 | Stationary | - | 4660.00 |
| 69 | Store Bartan & Hardware | 2945.00 | 61667.00 |
| 70 | Store Electric | - | 213517.00 |
| 71 | Store General | 149885.00 | 54485.00 |
| 72 | T.A. & D.A. | - | 27087.00 |
| 73 | Telephone | 200.00 | 16488.00 |
| 74 | Tractor | 1751.00 | 20139.00 |
| 75 | Tri-centanary | 9835.00 | 1160436.00 |
| 76 | Wradhashram | 4950.00 | 16870.00 |
| 77 | Bank Charges | - | 1933.00 |
| 78 | Dress Fund | - | 348.00 |
| 79 | Fine | 5960.00 | - |
| 80 | Shop Deposit | 242500.00 | - |
| 81 | Advances | 3956222.20 | 9498099.00 |
| 82 | Nuzul | 514.28 | - |
| 83 | Outstanding Expences (Banks) | 42865.00 | - |
| | **Sub Total** | **55581606.91** | **35720750.42** |
| 84 | FDR Devotees | 679846.00 | 160795.00 |
| 85 | FDR Gurudwara Sahib | 5031111.00 | 21756500.00 |
| 86 | Salary Deductions | 1800875.00 | 1795205.00 |
| 87 | Bank Transaction | 42804861.20 | 49997483.71 |
| 88 | Opening & Closing Balance | 3958877.27 | 426443.25 |
| | **TOTAL** | **109857177.38** | **109857177.38** |

Sd/-
Accountant

Sd/-
Superintendent

**Gurudwara Takhat Sachkhand Sri Hazur**
**AbchalNagar Sahib, Nanded- 431 601 (M.S) India**


Sri Satguru Jagjit Singh Ji eLibrary NamdhariElibrary@gmail.com

# शुभ विचार

## मूरख सचु न जाणनी
## मनमुखी जनमु गवाइआ ।।
## विचि दुनीआ
## काहे आइआ ।।

(श्री गुरु ग्रंथ साहिब जी, पृ.४६७)

मुर्ख, दम्भी, अज्ञानी, अहंकारी, मनमुख व्यक्ति कुदरत और कादिर (परमात्मा) की सच्चाई से अनभिज्ञ है । वह मनमुखताई में जन्म व्यर्थ गवां देता है । ऐसा मनुष्य संसार में आता ही क्यों है ?


Sri Satguru Jagjit Singh Ji eLibrary NamdhariElibrary@gmail.com

# खालसा राज्य के संस्थापक-बाबा बंदा सिंघ जी बहादर

-डॉ. राजेंद्र सिंघ जी*

बाबा बंदा सिंघ जी बहादर का सिख धर्म में प्रवेश एक अद्भुत क्रांति को साथ लाया । बाबा जी ने सिख संगठन को एक ऐसी प्रचंड राजनीतिक शक्ति में परिवर्तित कर दिया जिसने फिर उत्तर-पश्चिमी भारत पर हमेशा के लिए अपना प्रभुत्व जमा लिया । बाबा बंदा सिंघ जी बहादर के नेतृत्व में सन् १७०९ से लेकर १७१६ ई. तक सिखों ने पंजाब में जो विजय अभियान चलाया, उसने पंजाब की मुगल-सत्ता को बुरी तरह हिला कर रख दिया। वास्तव में भारत में मुगल-साम्राज्य का पतन करने में बाबा बंदा सिंघ जी बहादर की भूमिका स्मर्णीय है । बाबा जी ने सिखों और गुरु-परिवार को कष्ट पहुंचाने के जिम्मेदार मुगल शासकों, सामंतों आदि से जम कर प्रतिशोध लिया । उनके भीषण प्रहार ने मुगलों में त्राहि-त्राहि मचा दी । मुगल उनसे भयभीत और परेशान थे । उन्होंने बाबा जी के विषय में बड़ी घृणा प्रकट की है । बाबा जी के समकालीन प्रसिद्ध सूफी बुल्लेशाह सिखों की बढ़ रही शक्ति के मद्देनजर कहते हैं -

दर खुल्ला हशर अजाब दा ।
बुरा हाल होइआ पंजाब दा ।
..... ..... .....
मुगलां जहर प्याले पीते ।
भूरिआं वाले राजे कीते ।

यहां 'भूरिआं वाले' का अर्थ 'सिख' है। मुगलों का बाबा जी के प्रति ऐसा कथन उनके भीषण युद्ध कौशल एवं उनकी 'मैदान-ए-जंग' में हासिल महान सफलताओं का प्रतीक है ।

**बाबा बंदा सिंघ जी बहादर का जीवन :-**

बाबा बंदा सिंघ जी बहादर का जन्म १६ अक्तूबर, १६७० में कश्मीर के पुंछ जिले के राजौरी नामक गांव में हुआ । आपके पिता एक राजपूत किसान थे, जिनका नाम रामदेव जी था। पिता ने बालक का नाम लक्ष्मण दास रखा । एक किंवदंती के अनुसार एक बार उनसे एक गर्भवती हिरनी का शिकार हो गया जो अपने बच्चों सहित उनके सामने तड़प-तड़प कर मर गई । दुखी और विचलित हृदय लक्ष्मण दास ने वैराग्य ले लिया और माधो दास बन गये । बाद में माधो दास ने महाराष्ट्र के नांदेड़ नामक स्थान पर अपना मठ स्थापित कर लिया । कहा जाता है कि वह वहां आने वाले लोगों को अपनी मंत्र-शक्ति से भ्रमित और भयभीत कर दिया करता था । सितंबर १७०८ में जब दशम पिता श्री गुरु गोबिंद सिंघ जी वहां पहुंचे तो माधो दास ने उन्हें भी मंत्र आदि से परेशान करने का प्रयास किया, परंतु गुरु जी की शक्ति और व्यक्तित्व से अभिभूत होकर, माधो दास विह्वल होकर गुरु जी के चरणों में बैठ गया । श्री गुरु गोबिंद सिंघ जी ने माधो दास को अमृत छका कर 'बंदा सिंघ' बना दिया और मुगलों के साथ संघर्ष जारी रखने के लिए पंजाब भेजा । गुरु जी ने बाबा बंदा सिंघ जी को एक नगारा, एक ध्वज (निशान) और पांच तीर प्रदान किये । 'पंथ-प्रकाश' के अनुसार गुरु जी ने बाबा विनोद सिंघ जी, बाबा बाज सिंघ जी, बाबा काहन सिंघ जी, बाबा दया सिंघ जी एवं बाबा रण सिंघ जी पांच सिंघों सहित २० और सिंघों को भी बाबा बंदा सिंघ जी के साथ भेज दिया । गुरु जी ने बाबा जी को कुछ 'हुकमनामे' भी दिये जो उन्होंने अपने प्रमुख सिंघों को बाबा बंदा सिंघ जी बहादर की सहायता करने के आदेश के तौर पर लिखे थे ।

*२/४७, पिंक सिटी, कैलपुर रोड़, मंडी मुल्लांपुर, लुधियाना ।

Sri Satguru Jagjit Singh Ji eLibrary NamdhariElibrary@gmail.com

**गुरु-आज्ञा से पंजाब को कूच :-**

दिल्ली पहुंचकर बाबा बंदा सिंघ जी बहादर ने सिख नेताओं को हुकमनामे भेज दिये । वजीर खां और पहाड़ी राजाओं के द्वारा जनसाधारण पर किये अत्याचारों का मुंहतोड जवाब देने एवं उन्हें शोधने का संदेश मिलते ही हर दिशा से सिख बाबा बंदा सिंघ जी बहादर के झंडे तले एकत्र होने लगे। जल्दी ही बाबा जी की फौज की गिनती ४०,००० तक पहुंच गई । बाबा जी की फौज की विशेषता यह थी कि इसमें सिर्फ सिख ही नहीं थे बल्कि हिंदु, मुसलमान, राजपूत, जाट और अनेक दलित वर्गों के लोग भी थे जो मुगलों के अमानवीय अत्याचारों से त्रस्त होकर जालिमों को समाप्त करने के लिए लामबंद हुए थे ।

**बाबा बंदा सिंघ जी बहादर की विजयें :-**

२६ नवंबर, १७०९ को बाबा बंदा सिंघ जी बहादर ने सिघों की फौज लेकर सरहिंद की ओर कूच किया । सेना पहले समाणा नामक स्थान पर पहुँची । यह वह स्थान था जहां श्री गुरु तेग बहादर जी को शहीद करने वाले जल्लाद जलालुद्दीन का निवास था । धर्मी सेना ने २४ घंटे के अंदर-अंदर समाणे पर कब्जा कर लिया । इसके बाद बाबा बंदा सिंघ जी आगे बढ़े और शाहबाद, ठसका, मुस्तफाबाद आदि शहरों पर खालसे का निशान साहिब झुला दिया । इसके बाद खालसा फौज 'कपूरी' के कस्बे की ओर बढ़ी । इस कसबे का हाकिम कदामुद्दीन सिखों के खिलाफ लूट-मार करने के लिए अक्सर सैनिकों के झुंड भेजा करता था । बाबा जी ने कदामुद्दीन को उसके किये की सजा दी और 'सढौरे' की ओर चल दिये। 'सढौरा' हिंदुओं पर जुल्म ढाने के बदनाम केंद्र के रुप में मशहूर था । यह शासक असमान खां था जो श्री गुरु गोबिंद सिंघ जी के प्रिय पीर बुद्धू शाह का हत्यारा था । असमान खां को उसकी करनी का फल चखाकर बाबा जी ने मुखलिस खां के किले को भी फतह किया । अब तक मालवे और माझे से अनेक सिख जत्थे बाबा जी के साथ आ मिले थे ।

इसके पश्चात् खालसा फौज 'सरहिंद' फतह करने के लिए निकल पड़ी । सरहिंद वह स्थान था जहाँ श्री गुरु गोबिंद सिंघ जी के दो छोटे मासूम साहिबजादों बाबा जोरावर सिंघ जी और बाबा फतेह सिंघ जी को जालिम सूबेदार वजीर ख़ाँ ने दीवारों में जिंदा चुनवा दिया था । यह वह जगह थी जहाँ माता गुजरी जी ने बलिदान दिया था । वजीर ख़ाँ को सबक सिखाने की इच्छा हर सिख के मन में थी । वजीर ख़ाँ के लश्कर और शहादत की दीवानी खालसा फौज का आमना - सामना १२ मई, १७१० को 'चपड़ चिड़ी' नामक स्थान, जो सरहिंद शहर से १० मील की दूरी पर था, पर हुआ । कुछ ही घंटों के युद्ध के बाद वजीर ख़ाँ मारा गया और खालसा फौज ने सरहिंद पर हमला करके उसकी ईंट से ईंट बजा दी । १४ मई को सरहिंद पूरी तरह खालसे के कब्जे में आ गया । गुरु-परिवार के द्रोही सुच्चा नंद, जिसकी साहिबजादों को शहीद करवाने में विशेष भूमिका थी, की हवेली को मलबे का ढेर बना दिया गया ।

**खालसा राज की स्थापना :-**

बाबा बंदा सिंघ जी बहादर साथ-साथ अपने जीते हुए इलाकों में राज-प्रबंध की व्यवस्था भी करते जा रहे थे । बाबा जी फिर पश्चिम की ओर बढ़े । जलालाबाद, जालंधर, रियाड़की आदि शहरों को जीतते हुए लाहौर के समीप जा पहुंचे। अब लगभग सारे पूर्वी पंजाब में सिखों का राज स्थापित हो चुका था ।

बाबा बंदा सिंघ जी बहादर ने सरहिंद के पूर्व में साढौरा और नाहन के मध्य स्थित मुखलिस गढ़ को अपनी राजधानी बनाया और इसे लौह गढ़

का नाम दिया । किले की पूरी फौजी तैयारी की गई । यहीं पर बाबा जी रोज दरबार लगाते और जनता की दुख-तकलीफें सुनते व उनका निवारण करते । बाबा जी की पंजाब को सबसे बड़ी देन 'जागीरदारी प्रथा' का उन्मूलन था । उस समय अधिकांश जागीरदार मुसलमान थे जो लगान इकट्ठा करने के बहाने आम जनता पर बेहिसाब जुल्म करते थे । बाबा जी ने सिखों द्वारा जीते गए इलाकों में भूमि जोतने वाले किसानों को भूमि का मालिक घोषित कर दिया । गरीब हल चलाने वाले जमींदार बन गये । इससे पंजाब की अर्थ-व्यवस्था में जबरदस्त सुधार आया । आज जो पंजाब में आर्थिक समृद्धि कायम है, उसके बीज बाबा जी ने बोये थे ।

बाबा बंदा सिंघ जी बहादर ने खालसा राज का एक अलग सिक्का भी जारी किया, जिसकी कीमत मुगलों के सिक्के से अधिक रखी गई । सिक्कों पर फारसी भाषा में खुदवाया गया था :-

सिक्का जद बर हर दो आलम
तेगे नानक वाहिब अस्त ।
फतहि गोबिंद सिंघ शाहि शहानि
फजलि सचा साहिब अस्त ।

(अर्थात सच्चे पातशाह की कृपा से यह सिक्का दो जहान में चलाया । यह समस्त दान देने वाली श्री गुरु नानक पातशाह की कृपाण है और शाहे-शहंशाह श्री ग्रुरु गोबिंद सिंघ जी की फतहि है)



बाबा जी ने जो अपनी मुहरें बनवाई, उन पर भी खुदवाया -

देगो तेगो फतहि नुसरत बेदरंग ।
याफत अज नानक गुरु गोबिंद सिंघ ।

(अर्थात श्री गुरु नानक देव जी और श्री गुरु गोबिंद सिंघ जी की कृपा से देग, तेग, फतहि और बे-रोक बरकतें हासिल कीं )

बाबा बंदा सिंघ जी बहादर के नेतृत्व में स्थापित यह प्रथम खालसा राज्य पूर्ण धर्म-निरपेक्ष राज्य था । फारसी के सरकारी भाषा होने पर भी अन्य कई भाषाओं को मान्यता प्राप्त थी । राज्य का मुख्य उद्देश्य विश्व-शांती कायम करना था ।

राज्य में जारी की जाने वाली हर सनद और दस्तावेज पर 'जबर-ब-अमान-दहिर' लिखा होता था जिसका अर्थ है-'विश्व का शांति-स्थान'।

**बाबा जी की शहादत :-**

शांतचित, संयमी, वीर, परोपकारी व्यक्तित्व वाले बाबा बंदा सिंघ जी बहादर का प्रथम खालसा राज्य गुरु साहिबान की कृपा सदका, अनेक मुश्किल हालातों के बावजूद भी सन् १७१६ तक कायम रहा । मुगल बादशाह बहादुर शाह १ लाख फौज लेकर कई दिनों तक लोहगढ़ को घेरे रहा, पर अंततः मुंह की खाकर निराश होकर उसे वापिस जाना पड़ा । आखिर वह दिन भी आ गया जब बाबा बंदा सिंघ जी बहादर को शहादत का जाम पीना था । लगातार मुहिम पर मुहिम चलाने वाले मुगलों ने आखिर बाबा बंदा सिंघ जी बहादर को गुरदास नंगल की गढ़ी में से ८ महीने के घेरे के बाद गिरफ्तार कर लिया और भयानक यातनाएं देते हुए दिल्ली में १९ जून, १७१६ को शहीद कर दिया गया ।

१७०९ से १७१६ तक के आठ वर्ष बाबा बंदा सिंघ जी बहादर के लासानी संघर्ष की अद्वितीय मिसाल हैं । उन्होंने सिर्फ प्रथम खालसा राज्य की स्थापना ही नहीं की बल्कि उसे कामयाबी से चलाकर सिखों को अदम्य राजनीतिक शक्ति से भी भर दिया। OO


Sri Satguru Jagjit Singh Ji eLibrary NamdhariElibrary@gmail.com

# आपु गवाइ सेवा करे.....

-स. अवतार सिंघ जी*

Service of humanity is the service of God.

सिख धर्म में सेवा के बिना मनुष्य जीवन और शरीर निष्फल माना गया है । श्रद्धा, प्रेम, धैर्य और उत्साह से की गई सेवा ही स्वीकृत होती है । स्वार्थ, अहंकार और दिखावे मात्र के लिए की गई सेवा स्वीकृत नहीं । मान-सन्मान, ऊँची पदवी पाकर भी नम्रता पूर्वक सेवा करनी गुरसिखी में सिखाई जाती है :-

*करि के नीच सदावणा*
*तां प्रभु लेखै अंदरि पाई ।।*

(भाई गुरदास जी, वार १:१६)

आज मनुष्य-मात्र की सेवा के लिए संसार भर में रैड क्रास की स्थापना की जा चुकी है । परंतु इतिहास का सत्य यही है कि इस संस्था की वास्तविक स्थापना दसवें पातशाह श्री गुरु गोबिंद सिंघ जी के उसूलों को सार्थक कर सेवक भाई घनईया जी ने युद्ध के मैदान में मुगलों और सिखों को (दुश्मन-मित्र) एक पिता परमेश्वर की संतान मान, मरते कराहते सिपाहियों को पानी पिलाया और मरहम पट्टी की । चाहे सिखों ने इस कार्य के विरुद्ध गुरु जी से शिकायत भी की, पर भाई जी गुरबाणी का शब्द पढ़ते रहे :-

*ना को बैरी नहीं बिगाना*
*सगल संगि हम कउ बनि आई ।।*

(पन्ना १२९९)

*मानस की जाति सबै ऐके पहिचानबो ।।*

(सवैये पा: १०)

गुरसिखी में सेवा की अदभुत मिसालें हैं। श्री गुरु नानक देव जी के आदर्श शिष्य सेवक भाई लहणा जी आदर्श-सेवा के ही फलस्वरुप गुरगद्दी के अधिकारी बने । पावन फरमान हैं :-

*विचि दुनीआ सेव कमाईऐ ।।*
*ता दरगह बैसणु पाईऐ ।।*

(पन्ना २६)

*आपु गवाइ सेवा करे ता किछु पाए मानु ।।*
*नानक जिस नो लगा*
*तिसु मिलै लगा सो परवानु ।।*

(पन्ना ४७४)

सूखा बीज भी धरती की मिट्टी-पानी में मिलकर एक दिन फलदार वृक्ष का रुप धारण कर लेता है । किसी उर्दू कवि के ये बोल इस प्रथाऐं देखे जा सकते हैं :-

मिटा दे अपनी हस्ती को अगर कुछ मरतबा चाहे,
कि दाना खाक में मिलकर गुले गुलजार होता है।

भाई लहणा जी एक धनाढय व्यापारी थे परंतु गुरु-घर में किसी भी द्वारा कार्य को सेवा के रुप में करने से नहीं हिचकिचाए । जैसे-खेतों से खरपतवार निकालना, घास काटना और पशुओं को नहलाना, चारा डालना, गंदे पानी में से कटोरा निकालना, गुरु का हुक्म मान सर्दी की रात को बार-बार दीवार गिराकर दीवार बनाना परंतु श्रद्धा, भक्ति और सेवा से बेमुख न होना, क्योंकि भाई गुरदास जी का कथन है :-

*विणु सेवा ध्रिगु हथ पैर होर निहफल करणी ।*

(वार २७:१०)

तीसरी पातशाही श्री (गुरु) अमरदास जी, आयु के प्रथम चरण में जब अभी गुरु-शरण में आने का अवसर न मिल सका था, तीर्थ-यात्राऐं करते रहे । मन की शांति फिर भी प्राप्त न हुई । एक दिन सुबह अपने ही घर में पावन गुरबाणी

*७०, कमला नेहरू कॉलोनी, बठिंडा ।


Sri Satguru Jagjit Singh Ji eLibrary NamdhariElibrary@gmail.com

का पाठ कानों से सुना तो खिंचे चले गए । देखा कि भतीजे की बहू पावन गुरबाणी का मंत्रमुग्ध करने वाला पाठ कर रही है । पूछने पर पता लगा कि यह श्री गुरु नानक देव जी की पावन बाणी है और आज उस गद्दी पर बहू के पिता श्री गुरु अंगद देव जी विराजमान हैं । लगभग ६१ वर्ष की आयु में गुरु जी की शरण में खडूर साहिब पहूंचे तथा वहीं के होकर रह गए । फिर १२ वर्ष तक नित्य-प्रति गुरु जी को ब्यास दरिया से जल लाकर स्नान कराते रहे । सेवा इस आयु में रंग लाई । सर्वोत्तम पदवी प्राप्त की । तभी तो भट्ट कवि वर्णन करते हैं:-

*भले अमरदास गुण तेरे*
*तेरी उपमा तोहि बनि आवै ।।*

(पन्ना १३९६)

*सेवा करत होइ निहकामी ।।*
*तिस कउ होत परापति सुआमी ।।*

निष्काम सेवा ही गुरु-घर की जीवन युक्ति है । भाई जेठा जी सांसारिक रिश्ते के पक्ष से श्री गुरु अमरदास जी के दामाद भी थे । गुरु जी के दूसरे दामाद भाई रामा जी थे । सेवा में भाई जेठा जी हर बार प्रथम स्थान प्राप्त करते रहे । एक बार गुरु जी ने परख करने के लिए दोनों को अलग-अलग चबूतरा बनाने का आदेश दिया । जब चबूतरा बन गया तो तोड़ने का हुकम किया । दोनों ने अपना-अपना बनाया चबूतरा तोड़ दिया । फिर से नया बनाने को कहा । इस प्रकार तीन चार बांर तोड़ने और बनाने को कहा तो भाई रामा जी मानसिक समतोल न कायम रख सकते हुए काम छोड़ कर चले गए, परंतु भाई जेठा जी ने गुरु का हुकम ईश्वरीय हुकम मान कर प्रत्येक बार सहर्ष नया चबूतरा बनाया और कहा कि सेवक का काम तो सेवा करना है । आगे प्रवान करना न करना गुरु जी की इच्छा है ।

श्री गुरु अरजन देव जी ने तरन तारन में कुष्ठ रोगियों की सेवा के लिए तीर्थ की स्थापना की जहां भाई मंझ, भाई बहलो और भाई संमन जैसे सेवक तैयार किये । गुरु जी स्वयं अपने महिल माता गंगा जी के साथ लंगर की सेवा करते । भाई गुरदास जी का कथन है, *'गुर सिखी दा सिखणा गुरमुखि साधसंगति दी सेवा ।'* सेवा ही सिखी की कसौटी पर खरी उतरी ।

अनिक भांति करि सेवा करीऐ ।।
जीउ प्रान धनु आगै धरीऐ ।।

१) श्रद्धा भक्ति से गुरु-संगत की सेवा करनी।
२) वफदारी और सत्कार से माता-पिता, शिक्षकों, बुज़गों की सेवा करनी ।
३) प्यार से मित्रों एवं संबंधियों की सेवा करनी।
४) दुखी का दुख बांटना । दया भाव से सेवा करनी । दया मूलतः मन का एक भाव है । इसका लाभ तभी है जब इसे कार्य रुप परिणित किया जाए ।
५) देश-कौम की सेवा, सद्कार्य करके समाज को मजबूत करना ।
६) निष्काम सेवा बिना भेद-भाव, जाति-बंधनों से ऊपर उठकर करना, इसको ही ईश्वर की सेवा कहते हैं ।

उपरोक्त शब्द में वर्णन किया गया है कि सेवा करने का समय कैसे मिलता है और इसके कितने प्रकार हैं ।

